ਮਰਹੂਮ ਕਹਾਣੀਕਾਰ ਲਾਲ ਸਿੰਘ ਦਸੂਹਾ ਜੀ ਦੀ ਯਾਦ ਨੂੰ ਸਮਰਪਿਤ


# ਅਦਬੀ ਵਿਰਾਸਤ

## ਮੈਗਜ਼ੀਨ

ਅੰਕ 05



22 ਜੂਨ ਤੋਂ 28 ਜੂਨ 2026 ਤੱਕ



**ਚੇਅਰਮੈਨ**
ਸ, ਸੁਖਪਾਲਵੀਰ ਸਿੰਘ ਕੈਲਗਿਰੀ



**ਪ੍ਰਬੰਧਕੀ ਸੰਪਾਦਕ**
ਅਮਰਜੀਤ ਦਸੂਹਾ
896893711



**ਮੁੱਖ ਸੰਪਾਦਕ**
ਭੂਪਿੰਦਰ ਸਿੰਘ ਰਾਜਾ
9872079212
7837279212



**ਇੰਚਾਰਜ**
ਗੁਰਪ੍ਰੀਤ ਸਿੰਘ ਪ੍ਰੀਤ ਹੈਪੀ ਸਹੋਤਾ
9855813187


ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ (ਓਵਰਸੀਜ਼ ਦਫ਼ਤਰ ਕੈਲਗਿਰੀ ਕਨੇਡਾ)




ਪੰਜਾਬੀ ਸਾਹਿਤ ਅਤੇ ਸਾਹਿਤ ਪ੍ਰੇਮੀਆਂ ਦੀ ਪਹਿਲੀ ਅਤੇ ਖਾਸ ਮੰਗ

# ਅਦਬੀ ਵਿਰਾਸਤ

ਅੰਕ 05 ਸਾਡਾ ਸਾਹਿਤ ਸਾਡੀ ਵਿਰਾਸਤ , ਸਾਡੀ ਕਲਮ ਸਾਡੀ ਪਹਿਚਾਣ




ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ , ( ਓਵਰਸੀਜ਼ ਦਫ਼ਤਰ ਕੈਲਗਿਰੀ, ਕਨੇਡਾ)





ਅਦਬੀ ਵਿਰਾਸਤ ਮੈਗਜ਼ੀਨ ਨੂੰ ਪਿਆਰ ਸਤਿਕਾਰ ਦੇਣ ਵਾਲੇ ਸਾਰੇ ਸਮੂਹ ਲੇਖਕਾਂ ,ਪਾਠਕਾਂ ਅਤੇ ਸਾਹਿਤ ਪ੍ਰੇਮੀਆਂ ਦੇ ਅਸੀਂ ਹਿਰਦੇ ਦੀਆਂ ਗਹਿਰਾਈਆਂ ਤੋਂ ਧੰਨਵਾਦੀ ਹਾਂ।
ਆਪ ਸਭ ਨੇ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਸਾਡੇ ਮੈਗਜ਼ੀਨ ਨੂੰ ਬੇਸ਼ੁਮਾਰ ਪਿਆਰ ਸਤਿਕਾਰ ਬਖਸ਼ ਕੇ ਸਾਡੇ ਹੌਂਸਲੇ ਬੁਲੰਦ ਕਰ ਦਿੱਤੇ ਹਨ। ਅਸੀਂ ਆਪ ਦੀਆਂ ਉਮੀਦਾਂ ਤੇ ਖਰੇ ਉਤਰਨ ਲਈ ਦਿਨ ਰਾਤ ਮਿਹਨਤ ਕਰਦੇ ਰਹਾਂਗੇ ।
ਇਸ ਦੇ ਨਾਲ਼ ਨਾਲ਼ ਆਪ ਤੋਂ ਵੀ ਆਸ ਕਰਦੇ ਹਾਂ ਕਿ ਆਪ ਵੀ ਇਸੇ ਤਰ੍ਹਾਂ ਆਪਣਾ ਪਿਆਰ ਸਾਡੀ ਝੋਲ਼ੀ ਪਾਉਂਦੇ ਰਹੋਗੇ।
ਆਪ ਦੇ ਪਿਆਰ ਸਤਿਕਾਰ ਦੇ ਲਗਾਏ ਖੰਭਾਂ ਦੇ ਨਾਲ ਅਸੀਂ ਸਾਰੇ ਸਾਹਿਤ ਜਗਤ ਦੇ ਅਸਮਾਨ ਵਿੱਚ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਅਣਥੱਕ ਮਿਹਨਤ ਨਾਲ ਉਡਾਰੀਆਂ ਲਗਾਉਂਦੇ ਰਹਾਂਗੇ।
ਵਿਸ਼ੇਸ਼ ਤੌਰ ਤੇ ਧੰਨਵਾਦ ਕਰਦੇ ਹਾਂ ਉਹਨਾਂ ਅਧਿਆਪਕ ਸਾਹਿਬਾਨਾਂ ਅਤੇ ਵਿਦਿਆਰਥੀਆਂ ਦਾ ਜਿਹਨਾ ਨੇ ਵਾਤਾਵਰਨ ਦਿਵਸ ਨੂੰ ਅਹਿਮੀਅਤ ਦਿੰਦੇ ਹੋਏ ਲੋਕਾਂ ਨੂੰ ਵਾਤਾਵਰਨ ਦੀ ਸ਼ੁੱਧਤਾ ਲਈ ਸੰਦੇਸ਼ ਦੇਣ ਵਿੱਚ ਸਾਡੀ ਸਹਾਇਤਾ ਕੀਤੀ ਹੈ।

ਇੱਕ ਵਾਰ ਫਿਰ ਤੋਂ ਆਪ ਸਭ ਦਾ ਹਿਰਦੇ ਦੀਆਂ ਗਹਿਰਾਈਆਂ ਤੋਂ ਕੋਟਿ ਕੋਟਿ ਧੰਨਵਾਦ

**ਵੱਲੋਂ**

**ਅਦਬੀ ਵਿਰਾਸਤ ਮੈਗਜ਼ੀਨ ਦੀ ਸਮੁੱਚੀ ਟੀਮ**





ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212



ਪੰਜਾਬੀ ਸਾਹਿਤ ਅਤੇ ਸਾਹਿਤ ਪ੍ਰੇਮੀਆਂ ਦੀ ਪਹਿਲੀ ਅਤੇ ਖਾਸ ਮੰਗ




# ਅਦਬੀ ਵਿਰਾਸਤ




ਅੰਕ 05 ਸਾਡਾ ਸਾਹਿਤ ਸਾਡੀ ਵਿਰਾਸਤ , ਸਾਡੀ ਕਲਮ ਸਾਡੀ ਪਹਿਚਾਣ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ , ( ਓਵਰਸੀਜ਼ ਦਫ਼ਤਰ ਕੈਲਗਿਰੀ, ਕਨੇਡਾ)













ਅਦਬੀ ਵਿਰਾਸਤ ਮੈਗਜ਼ੀਨ ਨੂੰ ਪਿਆਰ ਸਤਿਕਾਰ ਦੇਣ ਵਾਲੇ ਸਾਰੇ ਸਮੂਹ ਲੇਖਕਾਂ ,ਪਾਠਕਾਂ ਅਤੇ ਸਾਹਿਤ ਪ੍ਰੇਮੀਆਂ ਦੇ ਅਸੀਂ ਹਿਰਦੇ ਦੀਆਂ ਗਹਿਰਾਈਆਂ ਤੋਂ ਧੰਨਵਾਦੀ ਹਾਂ।

ਆਪ ਸਭ ਨੇ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਸਾਡੇ ਮੈਗਜ਼ੀਨ ਨੂੰ ਬੇਸ਼ੁਮਾਰ ਪਿਆਰ ਸਤਿਕਾਰ ਬਖਸ਼ ਕੇ ਸਾਡੇ ਹੌਂਸਲੇ ਬੁਲੰਦ ਕਰ ਦਿੱਤੇ ਹਨ। ਅਸੀਂ ਆਪ ਦੀਆਂ ਉਮੀਦਾਂ ਤੇ ਖਰੇ ਉਤਰਨ ਲਈ ਦਿਨ ਰਾਤ ਮਿਹਨਤ ਕਰਦੇ ਰਹਾਂਗੇ ।

ਇਸ ਦੇ ਨਾਲ਼ ਨਾਲ਼ ਆਪ ਤੋਂ ਵੀ ਆਸ ਕਰਦੇ ਹਾਂ ਕਿ ਆਪ ਵੀ ਇਸੇ ਤਰ੍ਹਾਂ ਆਪਣਾ ਪਿਆਰ ਸਾਡੀ ਝੋਲ਼ੀ ਪਾਉਂਦੇ ਰਹੋਗੇ।

ਆਪ ਦੇ ਪਿਆਰ ਸਤਿਕਾਰ ਦੇ ਲਗਾਏ ਖੰਭਾਂ ਦੇ ਨਾਲ ਅਸੀਂ ਸਾਰੇ ਸਾਹਿਤ ਜਗਤ ਦੇ ਅਸਮਾਨ ਵਿੱਚ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ ਅਣਥੱਕ ਮਿਹਨਤ ਨਾਲ ਉਡਾਰੀਆਂ ਲਗਾਉਂਦੇ ਰਹਾਂਗੇ।

ਵਿਸ਼ੇਸ਼ ਤੌਰ ਤੇ ਧੰਨਵਾਦ ਕਰਦੇ ਹਾਂ ਉਹਨਾਂ ਅਧਿਆਪਕ ਸਾਹਿਬਾਨਾਂ ਅਤੇ ਵਿਦਿਆਰਥੀਆਂ ਦਾ ਜਿਹਨਾ ਨੇ ਵਾਤਾਵਰਨ ਦਿਵਸ ਨੂੰ ਅਹਿਮੀਅਤ ਦਿੰਦੇ ਹੋਏ ਲੋਕਾਂ ਨੂੰ ਵਾਤਾਵਰਨ ਦੀ ਸ਼ੁੱਧਤਾ ਲਈ ਸੰਦੇਸ਼ ਦੇਣ ਵਿੱਚ ਸਾਡੀ ਸਹਾਇਤਾ ਕੀਤੀ ਹੈ।

ਇੱਕ ਵਾਰ ਫਿਰ ਤੋਂ ਆਪ ਸਭ ਦਾ ਹਿਰਦੇ ਦੀਆਂ ਗਹਿਰਾਈਆਂ ਤੋਂ ਕੋਟਿ ਕੋਟਿ ਧੰਨਵਾਦ

**ਵੱਲੋਂ**

**ਅਦਬੀ ਵਿਰਾਸਤ ਮੈਗਜ਼ੀਨ ਦੀ ਸਮੁੱਚੀ ਟੀਮ**

ਅਦਬੀ ਵਿਰਾਸਤ

ਪੰਜਾਬੀ ਸਾਹਿਤ, ਸਭਿਆਚਾਰ ਅਤੇ ਸਮਾਜ ਲਈ ਸਮਰਪਿਤ ਪੇਸ਼ਖ

# ਅਦਬੀ ਵਿਰਾਸਤ

ਸਾਹਿਤ ਸਾਡੀ ਵਿਰਾਸਤ... ਕਲਮ ਸਾਡੀ ਪਹਿਚਾਣ

ਅੰਕ 05, 22 ਤੋਂ 28 ਜੂਨ 2026, ਵੱਲੋਂ:- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ (ਓਵਰਸੀਜ਼ ਦਫ਼ਤਰ ਕੈਲਗਿਰੀ,ਕਨੇਡਾ)


## ਅਦਬੀ ਵਿਰਾਸਤ - ਸਾਹਿਤ ਦੇ ਸੂਹੇ ਫੁੱਲ

ਕਹਾਣੀਕਾਰ ਮਰਹੂਮ ਸ੍ਰੀ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿਸਟਰਡ) ਪੰਜਾਬ, ਦੀ ਸਮੁੱਚੀ ਸਾਹਿਤਕ ਟੀਮ *ਅਦਬੀ ਵਿਰਾਸਤ* ਰਸਾਲੇ ਰਾਹੀਂ ਪੰਜਾਬੀ ਸਾਹਿਤ ਦੇ ਜੁਝਾਰੂ, ਅਗਾਂਹ ਵਧੂ ਅਤੇ ਪ੍ਰਗਤੀਵਾਦੀ ਕਹਾਣੀਕਾਰ ਲਾਲ ਸਿੰਘ ਜੀ ਦੀਆਂ ਸਾਹਿਤਕ ਪ੍ਰਾਪਤੀਆਂ, ਤਲਖ਼ ਜ਼ਿੰਦਗੀ ਦੀਆਂ ਯਥਾਰਥ ਭਰਪੂਰ ਯਾਦਾਂ ਨੂੰ ਇੱਕ ਬਹੁਤ ਹੀ ਸਹੀ ਸਮੇਂ ਤੇ ਦੇਸ਼ ਵਿਦੇਸ਼ ਵਿੱਚ ਵੱਸਦੇ ਸਾਹਿਤ ਪ੍ਰੇਮੀਆਂ ਨਾਲ ਸਾਂਝਾ ਕਰ ਰਹੀ ਹੈ ਜੋ ਸਾਹਿਤ ਦਾ ਬਹੁਤ ਵੱਡੀ ਜ਼ਿਮੇਵਾਰੀ ਵਾਲ਼ਾ ਫਰਜ਼ ਨਿਭਾ ਰਹੀ ਹੈ।ਤੁਹਾਡੀ ਮਿਹਨਤ, ਇਮਾਨਦਾਰੀ ਅਤੇ ਸਿਰੜ੍ਹ ਨੂੰ ਸਲਾਮ।

ਸ੍ਰੀ ਅਮਰਜੀਤ 'ਦਸੂਹਾ' ਜੀ ਦੀ ਬਾਕਮਾਲ ਸਾਹਿਤਕ ਲਗਨ ਦੀ ਅਗਵਾਈ ਵਿੱਚ *ਅਦਬੀ ਵਿਰਾਸਤ* ਦੀ ਸਮੁੱਚੀ ਟੀਮ ਬਹੁਤ ਹੀ ਨਵਾਂ, ਨਵੇਕਲ਼ਾ ਅਤੇ ਸਿਰਜਣਾਤਮਿਕ ਸਾਹਿਤਕ ਕਾਰਜ ਕਰ ਰਹੀ। ਬਹੁਤ ਸਾਰੇ ਨਵੇਂ ਉਭੱਰ ਰਹੇ ਲੇਖਕਾਂ / ਕਵੀਆਂ ਨੂੰ ਰਸਾਲੇ ਵਿੱਚ ਸਮੇਤ ਤਸਵੀਰ ਛਾਪ ਕੇ ਇੱਕ ਬਹੁਤ ਵੱਡੀ ਹੱਲਾ-ਸ਼ੇਰੀ ਦਿੱਤੀ ਜਾ ਰਹੀ ਹੈ।ਇਸ ਨਾਲ ਪੰਜਾਬੀ ਸਾਹਿਤ ਵਿੱਚ ਅਦਬੀ ਵਿਰਾਸਤ ਨਵੇਂ ਸਾਹਿਤਕਾਰਾਂ ਦੀਆਂ ਸਾਹਿਤਕ ਰਚਨਾਵਾਂ ਦੇ ਹਰੇ ਕਚੂਰ ਬੂਟੇ ਜ਼ਰੂਰ ਤਿਆਰ ਕਰੇਗੀ ਜੋ ਆਉਣ ਵਾਲੇ ਸਮੇਂ ਵਿੱਚ ਸਾਹਿਤ ਦੇ ਵੱਡੇ ਬਿਰਖ ਬਣਨਗੇ ਅਤੇ ਅਦਬੀ ਵਿਰਾਸਤ ਦੀ ਵਿਰਾਸਤ ਬਣ ਜਾਣਗੇ।

ਪਿਛਲਾ ਅੰਕ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਿਤ ਕੀਤਾ ਗਿਆ। ਬਹੁਤ ਸਾਰੇ ਕਵੀਆਂ ਨੇ ਗੁਰੂ ਸਾਹਿਬ ਜੀ ਦੀ ਸ਼ਹਾਦਤ ਨੂੰ ਸਮਰਪਿਤ ਆਪਣੀਆਂ ਰਚਨਾਵਾਂ ਨਾਲ ਗੁਰੂ ਜੀ ਨੂੰ ਸਿੱਜਦਾ ਕੀਤਾ। ਰਸਾਲੇ ਦੀ ਇਹ ਇੱਕ ਵੱਡੀ ਪ੍ਰਾਪਤੀ ਹੈ ਕਿ ਪ੍ਰਬੰਧਕੀ ਮੰਡਲ ਵੱਲੋਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਿਤ ਕਰਕੇ ਇਹ ਅੰਕ ਛਾਪਿਆ ਗਿਆ। ਇਸ ਨਾਲ ਜਿੱਥੇ ਸਾਡਾ ਸਾਹਿਤਕ ਲੇਖਕ ਭਾਈਚਾਰਾ ਪੰਜਾਬ ਦੇ ਗੌਰਵਮਈ ਸਿੱਖ ਇਤਿਹਾਸ ਨਾਲ ਜੁੜਿਆ, ਉੱਥੇ ਹੀ ਸਿੱਖ ਧਰਮ ਦੇ ਗੌਰਵਮਈ ਕੁਰਬਾਨੀ ਦੇ ਜਜ਼ਬੇ ਨੂੰ ਪਾਠਕਾਂ ਤੱਕ ਪਹੁੰਚਾਇਆ ਹੈ ਜਿਸ ਤੋਂ ਸਮਾਜ ਨੂੰ ਪ੍ਰੇਰਨਾ ਵੀ ਮਿਲੇਗੀ।

ਰਸਾਲੇ ਦੀ ਖੂਬਸੂਰਤ ਦਿੱਖ, ਛਪਾਈ ਦੀ ਪਰਪੱਕਤਾ ਅਤੇ ਰਚਨਾਵਾਂ ਵਿੱਚ ਦਿਨੋਂ ਦਿਨ ਵਾਧਾ ਹੋਣਾ- ਅਦਬੀ ਵਿਰਾਸਤ ਲਈ ਵੱਡੇ ਮਾਣ ਵਾਲੀ ਗੱਲ ਹੈ। ਪਿਛਲੇ ਅੰਕਾਂ ਵਿੱਚ ਛਪੀਆਂ ਸਾਹਿਤਕ ਰਚਨਾਵਾਂ ਵਿੱਚੋਂ ਸਮਾਜ, ਭਾਸ਼ਾ, ਰਾਜਨੀਤੀ ਮਜ਼ਦੂਰਾਂ ਕਿਰਤੀਆਂ ਦੇ ਹੱਕ, ਮਨੁੱਖੀ ਜਜ਼ਬਿਆਂ ਦੀ ਕਾਵਿਕ -ਉਡਾਰੀ, ਵਾਤਾਵਰਣ, ਪੰਛੀਆਂ, ਧਰਤੀ, ਪੌਣ-ਪਾਣੀ ਨਾਲ ਸੰਬੰਧਿਤ ਰਚਨਾਵਾਂ ਪੜ੍ਹਨ ਨੂੰ ਮਿਲੀਆਂ ਹਨ ਜਿਨਾਂ ਤੋਂ ਇਹ ਆਸ ਬੱਝਦੀ ਹੈ ਕਿ ਅਦਬੀ ਵਿਰਾਸਤ ਸੱਚ-ਮੁੱਚ ਹੀ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਸਮਰਪਿਤ ਹੋ ਕੇ ਵਿਸ਼ਵ ਵਿੱਚ ਇੱਕ ਸਮਾਨਤਾ ਵਾਲ਼ੇ ਸਮਾਜ ਦੀ ਸਿਰਜਣਾ ਵਾਲਾ, ਸ੍ਰੀ ਲਾਲ ਸਿੰਘ ਜੀ ਦੇ ਸੁਪਨਿਆਂ ਵਾਲਾ ਸੰਸਾਰ ਸਿਰਜਣ ਦੇ ਉਦੇਸ਼ ਨੂੰ ਸਾਕਾਰ ਕਰਨ ਵੱਲ ਸੇਧਿਤ ਹੈ । ਰਸਾਲੇ ਵਿੱਚ ਛਪ ਰਹੇ ਵੰਨ-ਸੁਵੰਨੇ ਵਿਸ਼ਿਆਂ ਦੀ ਤਰਜ਼ਮਾਨੀ ਕਰਦੀਆਂ ਰਚਨਾਵਾਂ ਤੋਂ ਇਹ ਸਹਿਜੇ ਹੀ ਸਪਸ਼ਟ ਹੋ ਰਿਹਾ ਹੈ ਕਿ ਆਉਣ ਵਾਲਾ ਸਮਾਂ ਅਦਬੀ ਵਿਰਾਸਤ ਦੀ ਜਰਖੇਜ਼ ਜ਼ਮੀਨ 'ਤੇ ਸਾਹਿਤ ਦੇ ਸੂਹੇ ਫੁੱਲ ਜ਼ਰੂਰ ਉਗਾਏਗਾ।ਰਸਾਲੇ ਦੀ ਸਮੁੱਚੀ ਮਿਹਨਤੀ ਟੀਮ ਨੂੰ ਬਹੁਤ-ਬਹੁਤ ਵਧਾਈ। ਅਦਬੀ ਵਿਰਾਸਤ ਦੇ ਖੂਬਸੂਰਤ ਸੁਨਹਿਰੇ ਭਵਿੱਖ ਲਈ ਸਾਡੀਆਂ ਦੁਆਵਾਂ!





ਪੰਜਾਬੀ ਸਾਹਿਤ, ਸਭਿਆਚਾਰ ਅਤੇ ਸਮਾਜ ਲਈ ਸਮਰਪਿਤ ਪੇਸ਼ਕਸ਼

# ਅਦਬੀ ਵਿਰਾਸਤ

ਸਾਹਿਤ ਸਾਡੀ ਵਿਰਾਸਤ... ਕਲਮ ਸਾਡੀ ਪਹਿਚਾਣ

ਅੰਕ 05, 22 ਤੋਂ 28 ਜੂਨ 2026, ਵੱਲੋਂ:- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ (ਓਵਰਸੀਜ਼ ਦਫ਼ਤਰ ਕੈਲਗਿਰੀ,ਕਨੇਡਾ)

## ਅਦਬੀ ਵਿਰਾਸਤ (ਅੰਕ-04) : ਮਨੁੱਖੀ ਚੇਤਨਾ, ਸਮੂਹਿਕ ਯਾਦ ਅਤੇ ਰੂਹਾਨੀ ਅਨੁਭਵ ਦਾ ਸਾਹਿਤਕ ਦਸਤਾਵੇਜ਼

ਮੇਰੀ ਸਾਹਿਤਕ ਅਤੇ ਮਨੋਵਿਗਿਆਨਕ ਸਮਝ ਅਨੁਸਾਰ ਅਦਬੀ ਵਿਰਾਸਤ ਦਾ ਚੌਥਾ ਅੰਕ ਕੇਵਲ ਕਵਿਤਾਵਾਂ, ਕਹਾਣੀਆਂ ਅਤੇ ਲੇਖਾਂ ਦਾ ਸੰਗ੍ਰਹਿ ਨਹੀਂ, ਸਗੋਂ ਮਨੁੱਖੀ ਮਨ ਦੀਆਂ ਡੂੰਘੀਆਂ ਪਰਤਾਂ, ਸਮੂਹਿਕ ਚੇਤਨਾ ਅਤੇ ਸੱਭਿਆਚਾਰਕ ਯਾਦਾਂ ਦਾ ਇੱਕ ਜੀਵੰਤ ਮਨੋਵਿਗਿਆਨਕ ਅਤੇ ਦਾਰਸ਼ਨਿਕ ਦਸਤਾਵੇਜ਼ ਹੈ। ਇਸ ਮੈਗਜ਼ੀਨ ਦੀਆਂ ਰਚਨਾਵਾਂ ਪਾਠਕ ਨੂੰ ਸਿਰਫ਼ ਸ਼ਬਦਾਂ ਨਾਲ ਨਹੀਂ ਜੋੜਦੀਆਂ, ਬਲਕਿ ਉਸਦੇ ਅੰਦਰਲੇ ਅਣਕਹੇ ਸੰਵਾਦਾਂ ਨਾਲ ਮੁਲਾਕਾਤ ਕਰਵਾਉਂਦੀਆਂ ਹਨ।

ਮਨੋਵਿਗਿਆਨਕ ਦ੍ਰਿਸ਼ਟੀ ਤੋਂ ਦੇਖਿਆ ਜਾਵੇ ਤਾਂ ਇਸ ਅੰਕ ਦੀਆਂ ਕਹਾਣੀਆਂ ਅਤੇ ਕਵਿਤਾਵਾਂ ਮਨੁੱਖੀ ਭਾਵਨਾਵਾਂ ਦੀਆਂ ਉਹਨਾਂ ਅੰਦਰੂਨੀ ਗਤੀਵਿਧੀਆਂ ਨੂੰ ਪ੍ਰਗਟ ਕਰਦੀਆਂ ਹਨ ਜਿਨ੍ਹਾਂ ਨੂੰ ਅਸੀਂ ਅਕਸਰ ਰੋਜ਼ਾਨਾ ਜੀਵਨ ਦੀ ਭੀੜ ਵਿੱਚ ਅਣਡਿੱਠਾ ਕਰ ਜਾਂਦੇ ਹਾਂ। ਇੱਥੇ ਪ੍ਰੇਮ ਕੇਵਲ ਇੱਕ ਰਿਸ਼ਤਾ ਨਹੀਂ, ਸਗੋਂ ਸਵੈ-ਪਛਾਣ ਦੀ ਖੋਜ ਹੈ; ਵਿਛੋੜਾ ਕੇਵਲ ਗੈਰਹਾਜ਼ਰੀ ਨਹੀਂ, ਸਗੋਂ ਚੇਤਨਾ ਦੀ ਗਹਿਰਾਈ ਨੂੰ ਛੂਹਣ ਵਾਲਾ ਅਨੁਭਵ ਹੈ; ਅਤੇ ਯਾਦਾਂ ਕੇਵਲ ਅਤੀਤ ਦੀਆਂ ਤਸਵੀਰਾਂ ਨਹੀਂ, ਸਗੋਂ ਮਨੁੱਖੀ ਮਨ ਦੇ ਉਹ ਅਦਿੱਖ ਨਕਸ਼ੇ ਹਨ ਜੋ ਸਾਡੇ ਵਰਤਮਾਨ ਨੂੰ ਆਕਾਰ ਦਿੰਦੇ ਹਨ।

ਦਾਰਸ਼ਨਿਕ ਪੱਖੋਂ ਇਹ ਅੰਕ ਮਨੁੱਖ ਦੇ ਵਜੂਦ, ਉਸਦੀ ਇਕੱਲਤਾ, ਉਸਦੇ ਰਿਸ਼ਤਿਆਂ ਅਤੇ ਜੀਵਨ ਦੇ ਅਰਥਾਂ ਉੱਤੇ ਇੱਕ ਗੰਭੀਰ ਚਿੰਤਨ ਪੇਸ਼ ਕਰਦਾ ਹੈ। ਹਰ ਰਚਨਾ ਕਿਸੇ ਨਾ ਕਿਸੇ ਰੂਪ ਵਿੱਚ ਇਹ ਸਵਾਲ ਉਠਾਉਂਦੀ ਹੈ ਕਿ ਮਨੁੱਖ ਕੌਣ ਹੈ, ਉਸਦੀ ਅਸਲ ਪਹਿਚਾਣ ਕੀ ਹੈ ਅਤੇ ਉਹ ਆਪਣੇ ਅੰਦਰਲੇ ਸੱਚ ਨਾਲ ਕਿਵੇਂ ਜੁੜ ਸਕਦਾ ਹੈ। ਇਹ ਸਾਹਿਤ ਪਾਠਕ ਨੂੰ ਜਵਾਬ ਨਹੀਂ ਦਿੰਦਾ, ਸਗੋਂ ਉਸਨੂੰ ਆਪਣੇ ਅੰਦਰ ਝਾਕਣ ਲਈ ਪ੍ਰੇਰਿਤ ਕਰਦਾ ਹੈ। ਇਹੀ ਉੱਚ ਕੋਟੀ ਦੇ ਸਾਹਿਤ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੁੰਦੀ ਹੈ।

ਇਸ ਅੰਕ ਵਿੱਚ ਪ੍ਰਕਾਸ਼ਿਤ ਕਹਾਣੀਆਂ ਵਿਸ਼ੇਸ਼ ਤੌਰ 'ਤੇ ਸਮਾਜਿਕ ਮਨੋਵਿਗਿਆਨ ਦਾ ਦਰਪਣ ਬਣਦੀਆਂ ਹਨ। ਉਹ ਮਨੁੱਖ ਅਤੇ ਸਮਾਜ ਦੇ ਵਿਚਕਾਰਲੇ ਸੰਬੰਧਾਂ, ਬਦਲਦੀਆਂ ਕਦਰਾਂ-ਕੀਮਤਾਂ ਅਤੇ ਆਧੁਨਿਕ ਜੀਵਨ ਦੀ ਅੰਦਰੂਨੀ ਬੇਚੈਨੀ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਉਜਾਗਰ ਕਰਦੀਆਂ ਹਨ। ਕਹਾਣੀਆਂ ਦੇ ਪਾਤਰ ਕੇਵਲ ਕਿਰਦਾਰ ਨਹੀਂ ਰਹਿੰਦੇ, ਉਹ ਸਾਡੇ ਆਪਣੇ ਅੰਦਰ ਵੱਸਦੇ ਡਰ, ਉਮੀਦਾਂ, ਸੰਘਰਸ਼ਾਂ ਅਤੇ ਸੁਪਨਿਆਂ ਦੇ ਪ੍ਰਤੀਕ ਬਣ ਜਾਂਦੇ ਹਨ।

ਸਮੁੱਚੇ ਤੌਰ 'ਤੇ ਅਦਬੀ ਵਿਰਾਸਤ ਦਾ ਇਹ ਅੰਕ ਪੰਜਾਬੀ ਸਾਹਿਤ ਦੀ ਉਸ ਪਰੰਪਰਾ ਨੂੰ ਅੱਗੇ ਵਧਾਉਂਦਾ ਹੈ ਜੋ ਮਨੁੱਖ ਨੂੰ ਸਿਰਫ਼ ਪੜ੍ਹਨ ਲਈ ਨਹੀਂ, ਸਗੋਂ ਆਪਣੇ ਆਪ ਨੂੰ ਸਮਝਣ ਲਈ ਪ੍ਰੇਰਿਤ ਕਰਦੀ ਹੈ। ਇਹ ਮੈਗਜ਼ੀਨ ਸਾਹਿਤ ਨੂੰ ਮਨੋਰੰਜਨ ਦੀ ਸੀਮਾ ਤੋਂ ਉੱਪਰ ਚੁੱਕ ਕੇ ਇੱਕ ਮਨੋਵਿਗਿਆਨਕ ਅਨੁਭਵ, ਇੱਕ ਦਾਰਸ਼ਨਿਕ ਯਾਤਰਾ ਅਤੇ ਇੱਕ ਰੂਹਾਨੀ ਸੰਵਾਦ ਵਿੱਚ ਤਬਦੀਲ ਕਰ ਦਿੰਦੀ ਹੈ। ਇਸ ਲਈ ਇਹ ਅੰਕ ਸਿਰਫ਼ ਪੜ੍ਹਿਆ ਨਹੀਂ ਜਾਂਦਾ, ਮਹਿਸੂਸ ਕੀਤਾ ਜਾਂਦਾ ਹੈ; ਸਿਰਫ਼ ਸਮਝਿਆ ਨਹੀਂ ਜਾਂਦਾ, ਸਗੋਂ ਜੀਆ ਜਾਂਦਾ ਹੈ।


**ਡਾ. ਪਰਦੀਪ ਨਾਂਗਲੂ**
**ਸਾਹਿਤਕਾਰ, ਮਨੋਵਿਗਿਆਨੀ ਅਤੇ ਹੋਲਿਸਟਿਕ ਹੈਲਥ ਐਜੂਕੇਟਰ**
**ਕੈਲੀਫੋਰਨੀਆ**
**+12792453149**



ਪੰਜਾਬੀ ਸਾਹਿਤ ਅਤੇ ਸਾਹਿਤ ਪ੍ਰੇਮੀਆਂ ਦੀ ਪਹਿਲੀ ਅਤੇ ਖਾਸ ਮੰਗ




# ਅਦਬੀ ਵਿਰਾਸਤ




ਅੰਕ 05 ਸਾਡਾ ਸਾਹਿਤ ਸਾਡੀ ਵਿਰਾਸਤ , ਸਾਡੀ ਕਲਮ ਸਾਡੀ ਪਹਿਚਾਣ


ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ , ( ਓਵਰਸੀਜ਼ ਦਫ਼ਤਰ ਕੈਲਗਿਰੀ, ਕਨੇਡਾ)

## ਸਿਹਤ ਸੰਭਾਲ ਬਾਰੇ

### ਹੀਲਿੰਗ ਡਸਟ (ਚੰਗਿਆਈ ਵਾਲੀ ਧੂੜ)

### ਇੱਕ ਹੋਲਿਸਟਿਕ ਮਨੋਵਿਗਿਆਨਕ ਦ੍ਰਿਸ਼ਟੀਕੋਣ

ਡਾ. ਪਰਦੀਪ ਨਾਂਗਲੂ
ਮਨੋਵਿਗਿਆਨੀ
ਮਾਨਸਿਕ ਸਿਹਤ ਮਾਹਿਰ
ਸਿਹਤ ਸਿੱਖਿਆਕਾਰ
ਕੈਲੀਫੋਰਨੀਆਂ



ਅਸੀਂ ਧੂੜ ਨੂੰ ਅਕਸਰ ਗੰਦਗੀ ਸਮਝਦੇ ਹਾਂ। ਘਰ ਦੀਆਂ ਸ਼ੈਲਫਾਂ, ਖਿੜਕੀਆਂ ਜਾਂ ਪੁਰਾਣੀਆਂ ਤਸਵੀਰਾਂ ਉੱਤੇ ਜਮੀ ਧੂੜ ਨੂੰ ਅਸੀਂ ਸਾਫ਼ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਪਰ ਜੇ ਅਸੀਂ ਧੂੜ ਨੂੰ ਡੂੰਘਾਈ ਨਾਲ ਵੇਖੀਏ ਤਾਂ ਇਹ ਸਿਰਫ਼ ਮਿੱਟੀ ਦੇ ਕਣ ਨਹੀਂ, ਸਗੋਂ ਕੁਦਰਤ, ਬ੍ਰਹਿਮੰਡ ਅਤੇ ਜੀਵਨ ਦੀ ਇੱਕ ਅਦਭੁੱਤ ਕਹਾਣੀ ਹੈ।

ਧੂੜ ਪਹਾੜਾਂ ਦੇ ਟੁਕੜਿਆਂ, ਰੁੱਖਾਂ ਦੇ ਅਵਸ਼ੇਸ਼ਾਂ, ਸਮੁੰਦਰਾਂ ਦੀਆਂ ਲਹਿਰਾਂ ਅਤੇ ਅਰਬਾਂ ਸਾਲ ਪਹਿਲਾਂ ਫਟੇ ਤਾਰਿਆਂ ਦੇ ਕਣਾਂ ਤੋਂ ਬਣੀ ਹੁੰਦੀ ਹੈ। ਵਿਗਿਆਨ ਸਾਨੂੰ ਦੱਸਦਾ ਹੈ ਕਿ ਸਾਡੇ ਸਰੀਰ ਦੇ ਤੱਤ ਵੀ ਕਦੇ ਨਾ ਕਦੇ ਤਾਰਿਆਂ ਦਾ ਹਿੱਸਾ ਰਹੇ ਹਨ। ਇਸ ਅਰਥ ਵਿੱਚ ਅਸੀਂ ਸਾਰੇ "ਸਟਾਰਡਸਟ" ਹਾਂ—ਤਾਰਿਆਂ ਦੀ ਧੂੜ।

ਹੋਲਿਸਟਿਕ ਮਨੋਵਿਗਿਆਨ ਦੇ ਅਨੁਸਾਰ ਮਨੁੱਖ ਸਿਰਫ਼ ਸਰੀਰ ਜਾਂ ਮਨ ਨਹੀਂ ਹੈ; ਉਹ ਸਰੀਰ, ਮਨ, ਭਾਵਨਾਵਾਂ, ਆਤਮਾ ਅਤੇ ਕੁਦਰਤ ਦਾ ਇੱਕ ਜੀਵੰਤ ਮੇਲ ਹੈ। ਧੂੜ ਇਸ ਗਹਿਰੇ ਸੰਬੰਧ ਦੀ ਯਾਦ ਦਿਵਾਉਂਦੀ ਹੈ।

**ਵੱਖਰੇਪਣ ਦਾ ਭਰਮ ਅਤੇ ਜੁੜਾਅ ਦੀ ਸੱਚਾਈ**

ਅੱਜ ਦੇ ਸਮੇਂ ਵਿੱਚ ਬਹੁਤ ਸਾਰੇ ਲੋਕ ਇਕੱਲੇਪਣ, ਚਿੰਤਾ ਅਤੇ ਅੰਦਰੂਨੀ ਖਾਲੀਪਣ ਨਾਲ ਜੂਝ ਰਹੇ ਹਨ। ਇਸ ਦਾ ਇੱਕ ਵੱਡਾ ਕਾਰਨ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਕੁਦਰਤ ਅਤੇ ਇੱਕ-ਦੂਜੇ ਤੋਂ ਵੱਖਰਾ ਸਮਝਣ ਲੱਗ ਪਏ ਹਾਂ।

ਧੂੜ ਸਾਨੂੰ ਇੱਕ ਹੋਰ ਸੱਚਾਈ ਦੱਸਦੀ ਹੈ। ਧੂੜ ਦਾ ਹਰ ਕਣ ਕਿਸੇ ਨਾ ਕਿਸੇ ਵੱਡੇ ਸਰੋਤ ਨਾਲ ਜੁੜਿਆ ਹੁੰਦਾ ਹੈ। ਉਹ ਕਦੇ ਪਹਾੜ ਦਾ ਹਿੱਸਾ ਸੀ, ਕਦੇ ਕਿਸੇ ਰੁੱਖ ਦਾ, ਕਦੇ ਕਿਸੇ ਜੀਵ ਦਾ। ਉਸੇ ਤਰ੍ਹਾਂ ਅਸੀਂ ਵੀ ਇੱਕ-ਦੂਜੇ ਨਾਲ ਅਤੇ ਪੂਰੇ ਬ੍ਰਹਿਮੰਡ ਨਾਲ ਜੁੜੇ ਹੋਏ ਹਾਂ।

ਜਦੋਂ ਮਨੁੱਖ ਇਸ ਜੁੜਾਅ ਨੂੰ ਮਹਿਸੂਸ ਕਰਦਾ ਹੈ ਤਾਂ ਉਸ ਦੇ ਅੰਦਰ ਪੈਦਾ ਹੋਈ ਇਕੱਲੇਪਣ ਦੀ ਭਾਵਨਾ ਘਟਣ ਲੱਗਦੀ ਹੈ। ਉਸ ਨੂੰ ਅਹਿਸਾਸ ਹੁੰਦਾ ਹੈ ਕਿ ਉਹ ਇਸ ਵਿਸ਼ਾਲ ਸ੍ਰਿਸ਼ਟੀ ਦਾ ਇੱਕ ਮਹੱਤਵਪੂਰਨ ਹਿੱਸਾ ਹੈ।

**ਧੂੜ ਅਤੇ ਬਦਲਾਅ ਦੀ ਮਨੋਵਿਗਿਆਨ**

ਕੁਦਰਤ ਵਿੱਚ ਕੁਝ ਵੀ ਸਥਿਰ ਨਹੀਂ। ਪੱਤਾ ਡਿੱਗਦਾ ਹੈ ਅਤੇ ਮਿੱਟੀ ਬਣ ਜਾਂਦਾ ਹੈ। ਮਿੱਟੀ ਤੋਂ ਨਵਾਂ ਪੌਦਾ ਜਨਮ ਲੈਂਦਾ ਹੈ। ਮੌਤ ਤੋਂ ਜੀਵਨ ਅਤੇ ਜੀਵਨ ਤੋਂ ਨਵੀਂ ਰਚਨਾ ਦਾ ਇਹ ਚੱਕਰ ਲਗਾਤਾਰ ਚੱਲਦਾ ਰਹਿੰਦਾ ਹੈ।

ਮਨੁੱਖੀ ਜੀਵਨ ਵੀ ਇਸੇ ਨਿਯਮ ਦੇ ਅਧੀਨ ਹੈ। ਦੁੱਖ, ਨੁਕਸਾਨ, ਅਸਫਲਤਾ ਅਤੇ ਟੁੱਟੇ ਹੋਏ ਰਿਸ਼ਤੇ ਸਾਨੂੰ ਖਤਮ ਕਰਨ ਲਈ ਨਹੀਂ ਆਉਂਦੇ। ਬਹੁਤ ਵਾਰ ਇਹ ਸਾਡੇ ਅੰਦਰ ਨਵੀਂ ਸਮਝ, ਨਵੀਂ ਤਾਕਤ ਅਤੇ ਨਵੀਂ ਸੂਝ ਪੈਦਾ ਕਰਦੇ ਹਨ।

ਹੋਲਿਸਟਿਕ ਮਨੋਵਿਗਿਆਨ ਇਸ ਪ੍ਰਕਿਰਿਆ ਨੂੰ "ਰੂਪਾਂਤਰਣ" ਕਹਿੰਦਾ ਹੈ। ਚੰਗਿਆਈ ਦਾ ਅਰਥ ਦਰਦ ਨੂੰ ਮਿਟਾਉਣਾ ਨਹੀਂ, ਸਗੋਂ ਉਸ ਨੂੰ ਗਿਆਨ ਅਤੇ ਸੂਝ ਵਿੱਚ ਬਦਲਣਾ ਹੈ।

ਧੂੜ ਇਸ ਗੱਲ ਦੀ ਪ੍ਰਤੀਕ ਹੈ ਕਿ ਕੁਝ ਵੀ ਨਸ਼ਟ ਨਹੀਂ ਹੁੰਦਾ; ਸਭ ਕੁਝ ਸਿਰਫ਼ ਆਪਣਾ ਰੂਪ ਬਦਲਦਾ ਹੈ।

**ਸ਼ਾਂਤੀ ਅਤੇ ਠਹਿਰਾਅ ਦੀ ਚੰਗਿਆਈ**

ਅੱਜ ਦੀ ਦੁਨੀਆ ਵਿੱਚ ਹਰ ਕੋਈ ਦੌੜ ਰਿਹਾ ਹੈ। ਮਨੁੱਖ ਕੋਲ ਸੋਚਣ, ਮਹਿਸੂਸ ਕਰਨ ਜਾਂ ਆਪਣੇ ਅੰਦਰ ਝਾਤ ਮਾਰਨ ਲਈ ਸਮਾਂ ਘੱਟ ਰਹਿ ਗਿਆ ਹੈ।

ਧੂੜ ਸਾਨੂੰ ਠਹਿਰਨਾ ਸਿਖਾਉਂਦੀ ਹੈ। ਉਹ ਹੌਲੀ-ਹੌਲੀ ਬੈਠਦੀ ਹੈ। ਉਸ ਵਿੱਚ ਕੋਈ ਕਾਹਲੀ ਨਹੀਂ, ਕੋਈ ਬੇਚੈਨੀ ਨਹੀਂ।

ਜਦੋਂ ਅਸੀਂ ਕੁਝ ਪਲ ਚੁੱਪਚਾਪ ਬੈਠਦੇ ਹਾਂ, ਕੁਦਰਤ ਨਾਲ ਜੁੜਦੇ ਹਾਂ, ਧਿਆਨ ਕਰਦੇ ਹਾਂ ਜਾਂ ਆਪਣੇ ਅੰਦਰ ਦੀ ਆਵਾਜ਼ ਸੁਣਦੇ ਹਾਂ, ਤਾਂ ਸਾਡਾ ਮਨ ਹੌਲੀ-ਹੌਲੀ ਸ਼ਾਂਤ ਹੋਣ ਲੱਗਦਾ ਹੈ। ਅੰਦਰਲੇ ਜ਼ਖ਼ਮਾਂ ਨੂੰ ਭਰਨ ਲਈ ਇਹ ਸ਼ਾਂਤੀ ਬਹੁਤ ਜ਼ਰੂਰੀ ਹੈ।

ਕਈ ਵਾਰ ਚੰਗਿਆਈ ਕਿਸੇ ਵੱਡੇ ਉਪਦੇਸ਼ ਜਾਂ ਚਮਤਕਾਰ ਰਾਹੀਂ ਨਹੀਂ ਆਉਂਦੀ; ਉਹ ਧੂੜ ਵਾਂਗ ਹੌਲੀ-ਹੌਲੀ ਸਾਡੇ ਅੰਦਰ ਉਤਰਦੀ ਹੈ।

**ਕੁਦਰਤ ਨਾਲ ਸੰਬੰਧ ਅਤੇ ਸਿਹਤ**

ਹੋਲਿਸਟਿਕ ਸਿਹਤ ਦਾ ਇੱਕ ਮਹੱਤਵਪੂਰਨ ਸਿਧਾਂਤ ਹੈ ਕਿ ਮਨੁੱਖ ਦੀ ਸਿਹਤ ਕੁਦਰਤ ਦੀ ਸਿਹਤ ਨਾਲ ਜੁੜੀ ਹੋਈ ਹੈ।

ਜਿਸ ਹਵਾ ਨੂੰ ਅਸੀਂ ਸਾਹਾਂ ਵਿੱਚ ਲੈਂਦੇ ਹਾਂ, ਜਿਸ ਪਾਣੀ ਨੂੰ ਪੀਂਦੇ ਹਾਂ ਅਤੇ ਜਿਸ ਮਿੱਟੀ ਉੱਤੇ ਤੁਰਦੇ ਹਾਂ, ਉਹ ਸਾਰੇ ਸਾਡੀ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਪ੍ਰਭਾਵਿਤ ਕਰਦੇ ਹਨ। ਹਰ ਸਾਹ ਦੇ ਨਾਲ ਅਸੀਂ ਦੁਨੀਆ ਦੇ ਅਣਗਿਣਤ ਕਣਾਂ ਨੂੰ ਆਪਣੇ ਅੰਦਰ ਲੈਂਦੇ ਹਾਂ ਅਤੇ ਹਰ ਸਾਹ ਛੱਡਣ ਨਾਲ ਆਪਣੇ ਆਪ ਦਾ ਇੱਕ ਹਿੱਸਾ ਦੁਨੀਆ ਨੂੰ ਵਾਪਸ ਕਰਦੇ ਹਾਂ।

ਇਹ ਲਗਾਤਾਰ ਚੱਲਣ ਵਾਲਾ ਆਦਾਨ-ਪ੍ਰਦਾਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਅਸੀਂ ਕੁਦਰਤ ਤੋਂ ਵੱਖਰੇ ਨਹੀਂ ਹਾਂ।

**ਅੰਤਿਮ ਵਿਚਾਰ**

ਹੀਲਿੰਗ ਡਸਟ ਸਾਨੂੰ ਇਹ ਸਿਖਾਉਂਦੀ ਹੈ ਕਿ ਜੀਵਨ ਦਾ ਮੂਲ ਸੱਚ ਜੁੜਾਅ, ਬਦਲਾਅ ਅਤੇ ਏਕਤਾ ਹੈ। ਅਸੀਂ ਸਾਰੇ ਉਸੇ ਮਿੱਟੀ, ਉਸੇ ਧੂੜ ਅਤੇ ਉਸੇ ਬ੍ਰਹਿਮੰਡ ਦੇ ਕਣਾਂ ਤੋਂ ਬਣੇ ਹਾਂ।

ਜਦੋਂ ਅਸੀਂ ਇਸ ਸੱਚਾਈ ਨੂੰ ਸਮਝ ਲੈਂਦੇ ਹਾਂ ਤਾਂ ਸਾਡੇ ਅੰਦਰ ਡਰ ਦੀ ਥਾਂ ਵਿਸ਼ਵਾਸ, ਇਕੱਲੇਪਣ ਦੀ ਥਾਂ ਜੁੜਾਅ ਅਤੇ ਬੇਚੈਨੀ ਦੀ ਥਾਂ ਸ਼ਾਂਤੀ ਜਨਮ ਲੈਣ ਲੱਗਦੀ ਹੈ।

ਧੂੜ ਸਾਨੂੰ ਇਹ ਯਾਦ ਦਿਵਾਉਂਦੀ ਹੈ ਕਿ ਅਸੀਂ ਇਸ ਸੰਸਾਰ ਦੇ ਦਰਸ਼ਕ ਨਹੀਂ, ਸਗੋਂ ਇਸ ਦੀ ਜੀਵੰਤ ਕਹਾਣੀ ਦਾ ਹਿੱਸਾ ਹਾਂ।

ਅਤੇ ਸ਼ਾਇਦ ਧੂੜ ਦੀ ਸਭ ਤੋਂ ਵੱਡੀ ਸਿੱਖਿਆ ਇਹੀ ਹੈ—

ਅਸੀਂ ਕਦੇ ਵੀ ਤਾਰਿਆਂ ਤੋਂ ਵੱਖਰੇ ਨਹੀਂ ਹੋਏ;
ਅਸੀਂ ਸਿਰਫ਼ ਕੁਝ ਸਮੇਂ ਲਈ ਮਨੁੱਖੀ ਰੂਪ ਵਿੱਚ ਢਲ ਗਏ ਹਾਂ।
ਇੱਕ ਦਿਨ ਇਹ ਹੀਲਿੰਗ ਡਸਟ ਸਾਨੂੰ ਫਿਰ
ਆਪਣੇ ਅਸਲੀ ਘਰ ਦੀ ਯਾਦ ਦਿਵਾਏਗੀ।

ਪੰਜਾਬੀ ਸਾਹਿਤ, ਸਭਿਆਚਾਰ ਅਤੇ ਸਮਾਜ ਲਈ ਸਮਰਪਿਤ ਪੇਸ਼ਕ
ਅਦਬੀ ਵਿਰਾਸਤ
ਸਾਹਿਤ ਸਾਡੀ ਵਿਰਾਸਤ... ਕਲਮ ਸਾਡੀ ਪਹਿਚਾਣ
ਅੰਕ 05, 22 ਤੋਂ 28 ਜੂਨ 2026, ਵੱਲੋਂ:- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ (ਓਵਰਸੀਜ਼ ਦਫ਼ਤਰ ਕੈਲਗਿਰੀ,ਕਨੇਡਾ)

ਵੱਲੋਂ :- ਰਿਟਾ. ਕਰਨਲ ਕੁਲਦੀਪ ਦੁਸਾਂਝ
ਜਲੰਧਰ
ਅਦਬੀ ਵਿਰਾਸਤ ਮੈਗਜ਼ੀਨ




ਰੋਜ਼ਾਨਾ ਜ਼ਿੰਦਗੀ ਵਿਚੋਂ
-------------------

ਖੁੱਲੇ 'ਚ ਇਕ ਦਿਨ ਅਤੇ ਅਜਨਬੀਆਂ ਨਾਲ ਮੁਲਾਕਾਤ
-------------------------------
ਭਾਗ 1

ਜੇ. ਕ੍ਰਿਸ਼ਨਮੂਰਤੀ ਦੀ ਸਿੱਖਿਆ ਤੋਂ ਪ੍ਰੇਰਿਤ ਹੋ ਕੇ, "ਕਿਸੇ ਮਕਸਦ ਨਾਲ ਜੀਣਾ ਹੀ ਸਾਰੀਆਂ ਬਿਮਾਰੀਆਂ ਦਾ ਮੂਲ ਕਾਰਨ ਹੈ," ਮੈਂ ਇਸਨੂੰ ਸੱਚੇ ਅਰਥਾਂ 'ਚ ਕਦੇ-ਕਦਾਈ ਜੀਊਣ ਦੀ ਕੋਸ਼ਿਸ਼ ਕਰਦਾ ਹਾਂ। ਉਦਾਹਰਨ ਲਈ, ਮੈਂ ਬਸ ਪਿੰਡਾਂ ਵੱਲ ਨਿਕਲ ਜਾਂਦਾ ਹਾਂ ਬਿਨਾਂ ਇਹ ਤੈਅ ਕੀਤੇ ਕਿ ਕਿੱਥੇ ਜਾਣਾ ਹੈ ਅਤੇ ਮੈਂ ਗੱਡੀ ਚਲਾਉਂਦਾ ਹਾਂ, ਰਾਹ 'ਚ ਜੋ ਵੀ ਆਵੇ ਉਸ ਦਾ ਆਨੰਦ ਲੈਂਦਾ ਹਾਂ। ਬਸ ਕੋਈ ਨਿਸ਼ਾਨਾਂ ਤਹਿ ਕਰਕੇ ਨਹੀਂ ਚਲਦਾ ਕਿ ।

ਕੋਈ ਪੁੱਛ ਸਕਦਾ ਹੈ, "ਬਿਨਾਂ ਕਿਸੇ ਮਕਸਦ ਦੇ ਜੀਣ ਦਾ ਕੀ ਫਾਇਦਾ?" ਮੈਂ ਉਨ੍ਹਾਂ ਨਾਲ ਸਹਿਮਤ ਹਾਂ—ਮੈਂ ਵੀ ਆਮ ਇਨਸਾਨ ਵਾਂਗ ਜ਼ਿੰਦਗੀ ਜੀਊਈ ਹੈ। ਪਰ ਮੈਨੂੰ ਬਿਨਾਂ ਮਕਸਦ ਦੇ, ਖੁੱਲੇ ਵਾਤਾਵਰਣ ਤੇ ਜੰਗਲ-ਬਿਆਬਾਨ 'ਚ ਘੁੰਮਣਾ ਹਮੇਸ਼ਾ ਚੰਗਾ ਲੱਗਿਆ ਹੈ। ਇਸ ਦਾ ਮੂਲ ਸਿਧਾਂਤ ਇਹ ਹੈ ਕਿ ਇਸ 'ਤੇ ਹਾਰ ਜਾਂ ਜਿੱਤ ਦਾ ਬੋਝ ਨਹੀਂ ਹੁੰਦਾ। ਅਜਿਹਾ ਹੀ ਇਕ ਦਿਨ ਤੁਹਾਡੇ ਨਾਲ ਸਾਂਝਾ ਕਰਦਾ ਹਾਂ।

ਜ਼ਿਆਦਾਤਰ ਸਾਬਕਾ ਫੌਜੀਆਂ ਵਾਂਗ, ਮੇਰੀ ਵੀ ਹਰ ਮਹੀਨੇ ਜਲੰਧਰ ਕੈਂਟ 'ਚ ECHS (Ex-Servicemen Contributory Health Scheme) ਲਈ ਚੱਕਰ ਲੱਗਦਾ ਹੈ। ਇਸ ਵਾਰ ਮੈਂ ਇਸਨੂੰ ਆਪਣੇ ਦਿਨ ਦੀ ਸੈਰ ਦਾ ਹੀ ਇਕ ਹਿੱਸਾ ਬਣਾ ਲਿਆ।

ਜਦੋਂ ਮੇਰਾ ECHS ਕਾਰਡ ਚੈੱਕ ਹੋ ਰਿਹਾ ਸੀ, ਤਾਂ ਇਕ ਬਜ਼ੁਰਗ ਸਾਬਕਾ ਫੌਜੀ ਨੇੜੇ ਆ ਕੇ ਬੇਨਤੀ ਕੀਤੀ ਕਿ ਮੈਂ ਉਸਦੇ ਪੋਤੇ ਦੇ ਵਜਰਾ ਸਵਿਮਿੰਗ ਪੂਲ ਕਾਰਡ 'ਤੇ ਦਸਤਖ਼ਤ ਕਰ ਦਿਆਂ। ਮੈਂ ਉਸਨੂੰ ਆਪਣਾ ਪਛਾਣ ਪੱਤਰ ਦਿਖਾਉਣ ਲਈ ਕਿਹਾ। ਉਸਨੇ ਕਿਹਾ, "ਸਰ, ਮੈਂ ਰਿਟਾ. ਮੇਜਰ ਹਾਂ ਅਤੇ RCO (ਰੈਜੀਮੈਂਟਲ ਕਮਿਸ਼ਨਡ ਅਫਸਰ) ਵਜੋਂ ਕਮਿਸ਼ਨਡ ਹੋਇਆ ਸਾਂ।" ਮੈਂ ਮੰਨ ਗਿਆ।

ਮੈਂ ਪੁੱਛਿਆ, "ਕੀ ਤੁਸੀਂ ਆਪਣੇ ਪੋਤੇ ਨੂੰ NDA ਲਈ ਤਿਆਰ ਕਰ ਰਹੇ ਹੋ?"
ਉਸਨੇ ਜਵਾਬ ਦਿੱਤਾ, "ਸਰ, ਉਹ ਕਹਿੰਦਾ ਹੈ ਕਿ ਉਹ ਫੌਜ 'ਚ ਭਰਤੀ ਨਹੀਂ ਹੋਵੇਗਾ, ਪਰ ਹਥਿਆਰਬੰਦ ਬਲਾਂ ਲਈ ਕੰਮ ਕਰੇਗਾ।"
"ਦਿਲਚਸਪ," ਮੈਂ ਕਿਹਾ। "ਕਿਵੇਂ?"
"ਸਰ, ਉਹ ਇੰਜੀਨੀਅਰ ਬਣਨਾ ਚਾਹੁੰਦਾ ਹੈ ਅਤੇ ਕਹਿੰਦਾ ਹੈ ਕਿ ਉਹ ਹਥਿਆਰਬੰਦ ਬਲਾਂ ਲਈ ਰੋਬੋਟ ਅਤੇ ਡਰੋਨ ਬਣਾਏਗਾ।"
ਇਹ ਗੱਲ ਵੱਖਰੀ ਲੱਗੀ।

ਫਿਰ ਉਸਨੇ ਮੈਨੂੰ ਆਪਣੇ ਫੋਨ 'ਤੇ ਆਪਣੇ ਪੋਤੇ ਦੀ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨਾਲ ਮੁਲਾਕਾਤ ਦੀ ਫੋਟੋ ਦਿਖਾਈ। ਰਾਸ਼ਟਰਪਤੀ ਨੇ ਉਸਨੂੰ ਪੁੱਛਿਆ, "ਤੁਸੀਂ ਜ਼ਿੰਦਗੀ 'ਚ ਕੀ ਬਣਨਾ ਚਾਹੁੰਦੇ ਹੋ?"
ਮੁੰਡੇ ਨੇ ਭਰੋਸੇ ਨਾਲ ਜਵਾਬ ਦਿੱਤਾ, "ਮੈਂ ਇੱਕ ਚੰਗਾ ਇਨਸਾਨ ਬਣਨਾ ਚਾਹੁੰਦਾ ਹਾਂ।"

# ਅਦਬੀ ਵਿਰਾਸਤ

ਅੰਕ 05 , 22 ਤੋਂ 28 ਜੂਨ 2026 , ਵੱਲੋਂ:- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ ( ਓਵਰਸੀਜ਼ ਦਫ਼ਤਰ ਕੈਲਗਿਰੀ,ਕਨੇਡਾ)


## ਵਿਛੋੜਾ

ਬਾਪੂ ਤੇਰਾ ਏਦਾਂ ਤੁਰ ਜਾਣਾ,
ਮੈਨੂੰ ਸੁਪਨਾ ਜਿਹਾ ਲੱਗਦਾ।
ਤੇਰਾ ਗਲਵਕੜੀ ਪਾ ਮਿਲਣਾ,
ਰਾਤਾਂ ਨੂੰ ਜਗਾ ਦਿੰਦਾ।
ਤੇਰਾ ਸਿਰ ਤੇ ਹੱਥ ਰੱਖਣਾ,
ਚੀਸਾਂ ਹੀ ਕਢਾ ਦਿੰਦਾ।
ਤੇਰਾ ਬੇਵੱਸ ਹੋ ਤੱਕਣਾ,
ਮੈਂ ਕੁਝ ਨਾ ਕਰ ਸਕਣਾ।
ਤੇਰਾ ਹੌਕਾ ਵੇਖ ਬਾਪੂ,
ਮਨ ਰੋ ਕੁਰਲਾ ਲੈਂਦਾ।
ਤੈਨੂੰ ਵੇਖ ਕੁੱਜੇ ਵਿੱਚ ਬਾਪੂ,
ਜੱਗ ਝੂਠਾ ਜਿਹਾ ਲੱਗਦਾ।
ਤੇਰਾ ਏਦਾਂ ਤੁਰ ਜਾਣਾ,
ਮੈਨੂੰ ਸੁਪਨਾ ਜਿਹਾ ਲੱਗਦਾ।




## ਸਾਡਾ ਬਾਪੂ

ਸਾਡਾ ਬਾਪੂ ਹੈ ਸਰਦਾਰ, ਧੰਨ ਧੰਨ ਗੁਰੂ ਗੋਬਿੰਦ ਸਿੰਘ ।
ਸਿੰਘ-ਕੌਰ ਦੇ ਰਚਨਹਾਰ, ਧੰਨ ਧੰਨ ਗੁਰੂ ਗੋਬਿੰਦ ਸਿੰਘ ।।

ਪੁੱਤ ਵਾਰੇ ਧਰਮ ਤੋਂ ਚਾਰ, ਧੰਨ ਧੰਨ ਗੁਰੂ ਗੋਬਿੰਦ ਸਿੰਘ ।
ਵਾਰੋ-ਵਾਰੀ ਵਾਰਿਆ ਪਰਿਵਾਰ, ਧੰਨ ਧੰਨ ਗੁਰੂ ਗੋਬਿੰਦ ਸਿੰਘ ।।

ਦੂਜੇ ਧਰਮਾਂ ਦੇ ਪਹਿਰੇਦਾਰ, ਧੰਨ ਧੰਨ ਗੁਰੂ ਗੋਬਿੰਦ ਸਿੰਘ ।
ਹਿੰਦੂਆਂ ਦੀ ਸੁਣੀ ਪੁਕਾਰ, ਧੰਨ ਧੰਨ ਗੁਰੂ ਗੋਬਿੰਦ ਸਿੰਘ ।।

ਹੈ ਸੱਚੀ ਸੱਚ ਸਰਕਾਰ, ਧੰਨ ਧੰਨ ਗੁਰੂ ਗੋਬਿੰਦ ਸਿੰਘ ।
ਹਰ ਸਿੱਖ ਨੂੰ ਹੈ ਇਤਬਾਰ, ਧੰਨ ਧੰਨ ਗੁਰੂ ਗੋਬਿੰਦ ਸਿੰਘ ।।

ਗੁਰੂ ਨਾਨਕ ਦਸਵੇਂ ਅਵਤਾਰ, ਧੰਨ ਧੰਨ ਗੁਰੂ ਗੋਬਿੰਦ ਸਿੰਘ ।
ਸਿੱਖਾਂ ਨੂੰ ਕਰਦੇ ਪਿਆਰ, ਧੰਨ ਧੰਨ ਗੁਰੂ ਗੋਬਿੰਦ ਸਿੰਘ ।।

ਨੀਲੇ ਘੋੜੇ ਦੇ ਅਸਵਾਰ, ਧੰਨ ਧੰਨ ਗੁਰੂ ਗੋਬਿੰਦ ਸਿੰਘ ।
ਹੈ ਗੁਰੂ ਰੂਪ ਕਰਤਾਰ, ਧੰਨ ਧੰਨ ਗੁਰੂ ਗੋਬਿੰਦ ਸਿੰਘ ।।

ਯੁੱਧ ਚੇ ਜੂਝਣ ਲੈ ਤਲਵਾਰ, ਧੰਨ ਧੰਨ ਗੁਰੂ ਗੋਬਿੰਦ ਸਿੰਘ ।
ਤੀਰਾਂ ਦੀ ਕਰਨ ਬੁਛਾਰ , ਧੰਨ ਧੰਨ ਗੁਰੂ ਗੋਬਿੰਦ ਸਿੰਘ ।।

ਬੇਦਲਾਂ ਦੇ ਸੁੱਖਵਿੰਦਰਾ ਜਪ ਵਾਰ-ਵਾਰ, ਧੰਨ ਧੰਨ ਗੁਰੂ ਗੋਬਿੰਦ ਸਿੰਘ
ਪਿਤਾ ਪੁੱਤਰਾਂ ਦੀ ਸੁਣੇ ਪੁਕਾਰ, ਧੰਨ ਧੰਨ ਗੁਰੂ ਗੋਬਿੰਦ ਸਿੰਘ ।।




## ਪਿਓ ਦਾ ਪਿਆਰ ਅਨਮੋਲ

ਪਿਓ ਦਾ ਸਿਰਫ਼ ਇੱਕ ਦਿਨ ਨਹੀਂ ਹੁੰਦਾ,
ਉਹ ਤਾਂ ਹਰ ਦਿਨ ਦੀ ਧੜਕਣ ਹੁੰਦਾ।
ਮਾਂ ਮਮਤਾ ਦੀ ਮੂਰਤ ਹੁੰਦੀ ਏ,
ਪਿਓ ਹਿੰਮਤ ਦਾ ਦਰਪਣ ਹੁੰਦਾ।

ਆਪਣੇ ਸੁਪਨੇ ਮਾਰ ਕੇ ਜਿਹੜਾ,
ਬੱਚਿਆਂ ਦਾ ਹਰ ਸੁਪਨਾ ਬੁਣਦਾ।
ਧੁੱਪਾਂ ਆਪਣੇ ਸਿਰ ਤੇ ਸਹਿ ਲਵੇ,
ਘਰ ਵਿੱਚ ਠੰਡਾ ਸੁਖਣਾ ਹੁੰਦਾ।

ਮੱਥੇ ਉੱਤੇ ਪਸੀਨੇ ਦੀਆਂ ਬੂੰਦਾਂ,
ਘਰ ਦਾ ਚਾਂਦੀ - ਸੋਨਾ ਹੁੰਦਾ।
ਜਿਸ ਘਰ ਵਿੱਚ ਪਿਓ ਦੀ ਕਦਰ ਨਾ ਹੋਵੇ,
ਉਸ ਘਰ ਦਾ ਵਿਹੜਾ ਸੁੰਨਾ ਹੁੰਦਾ।

ਚੁੱਪ ਰਹਿ ਕੇ ਵੀ ਬਹੁਤ ਕੁਝ ਕਹਿੰਦਾ,
ਉਸ ਦਾ ਮੌਨ ਵੀ ਭਾਸ਼ਣ ਹੁੰਦਾ।
ਖੁਦ ਪੁਰਾਣੇ ਕੱਪੜੇ ਪਾ ਲੈਂਦਾ,
ਬੱਚਿਆਂ ਦੇ ਲਈ ਫੈਸ਼ਨ ਹੁੰਦਾ।

ਜਦ ਵੀ ਔਖੇ ਵੇਲੇ ਆਉਂਦੇ ਨੇ,
ਪਿਓ ਬਰਗਦ ਦਾ ਸਾਇਆ ਬਣਦਾ।
ਰਾਤਾਂ ਜਾਗ ਕੇ ਫ਼ਿਕਰਾਂ ਕਰਦਾ,
ਦਿਨੇ ਚਿਹਰਾ ਹੱਸਦਾ ਸਰਮਾਇਆ ਬਣਦਾ

ਉਸ ਦੇ ਮੋਢਿਆਂ ਉੱਤੇ ਟਿਕ ਕੇ ਹੀ,
ਘਰ ਦਾ ਸਾਰਾ ਜੀਵਨ ਚਲਦਾ।

ਜਦ ਤੱਕ ਸਿਰ ਤੇ ਹੱਥ ਪਿਓ ਦਾ ਹੋਵੇ,
ਬੰਦਾ ਖੁਦ ਨੂੰ ਬੱਚਾ ਸਮਝਦਾ।

ਜਿਸ ਨੇ ਉੱਗਲ ਫੜ ਤੁਰਨਾ ਸਿਖਾਇਆ,
ਉਸ ਦਾ ਕਰਜ਼ਾ ਕੌਣ ਉਤਾਰੇ?
ਪਿਓ ਦੀ ਡਾਂਟ ਵੀ ਨੇਮਤ ਹੁੰਦੀ,
ਇਸ ਡੂੰਘਾਈ ਨੂੰ ਕੌਣ ਵਿਚਾਰੇ।

ਲੋਕ ਮਨਾਉਣ ਫਾਦਰਜ਼ ਡੇ ਭਾਵੇਂ,
ਸਾਡਾ ਹਰ ਦਿਨ ਉਸ ਦੇ ਨਾਂ ਹੁੰਦਾ।
ਜਿਸ ਸਿਰ ਤੋਂ ਪਿਓ ਦਾ ਸਾਇਆ ਉੱਠਜੇ,
ਉਹੀ ਜਾਣੇ ਘਾਟਾ ਕੀ ਨਾਂ ਹੁੰਦਾ।

ਧਨ, ਦੌਲਤ, ਸ਼ੋਹਰਤ ਸਭ ਫਿੱਕੀ,
ਪਿਓ ਦਾ ਪਿਆਰ ਅਨਮੋਲ ਹੁੰਦਾ।
"ਅੰਗਰੇਜ" ਲਿਖ ਲੈ ਦਿਲ ਦੇ ਅੰਦਰ,
ਨਾ ਪਿਓ ਪਿਆਰ ਕਦੇ ਤੋਲ ਹੁੰਦਾ




## ਨਸਲਕੁਸ਼ੀ -2

ਭਾਗ -1

ਸੁਖਬੀਰ ਬਹੁਤ ਬੇਚੈਨ ਸੀ, ਪਰੇਸ਼ਾਨ ਸੀ, ਆਪਣੀ ਬੇਟੀ ਮਨਦੀਪ ਦੇ ਬਾਰੇ ਵਿੱਚ ਸੋਚ ਸੋਚ ਕੇ। ਜਿਸ ਦੀ ਉਮਰ ਲੰਘ ਰਹੀ ਸੀ। ਪਰ ਉਹ ਵਿਆਹ ਕਰਵਾਉਣ ਲਈ ਰਾਜ਼ੀ ਨਹੀਂ ਸੀ। ਇਕ ਤੋਂ ਇੱਕ ਚੰਗਾ ਰਿਸ਼ਤਾ ਠੁਕਰਾ ਰਹੀ ਸੀ। ਉਸ ਦੇ ਹਾਣ ਦੀਆਂ ਦੋ-ਦੋ ਬੱਚਿਆਂ ਦੀਆਂ ਮਾਵਾਂ ਬਣ ਚੁੱਕੀਆਂ ਸਨ। ਕੱਲ ਫੇਰ ਉਸਨੇ ਇੰਨਾ ਚੰਗਾ ਰਿਸ਼ਤਾ ਠੁਕਰਾ ਦਿੱਤਾ। ਇਸ ਇਨਕਾਰ ਨੇ ਅਨੇਕਾਂ ਸਵਾਲ ਖੜੇ ਕਰ ਦਿੱਤੇ ਸਨ। ਸੁਖਬੀਰ ਨੂੰ ਗਹਿਰੀ ਚਿੰਤਾ ਵਿੱਚ ਪਾ ਦਿੱਤਾ ਸੀ।

ਲੋਕ ਵੀ ਤਾਹਨੇ ਦੇਣ ਲੱਗ ਪਏ ਸਨ। ਕੱਦ ਤੱਕ ਧੀ ਦੀ ਕਮਾਈ ਖਾਂਦੀ ਰਵੇਂਗੀ। .ਉਸ ਨੂੰ ਸੋਹਰੇ ਵੀ ਵੇਖ ਲੈਣ ਦੇ। ਇਹ ਬੋਲ ਉਸ ਨੂੰ ਪ੍ਰੇਸ਼ਾਨ ਕਰ ਰਹੇ ਸਨ। ਮਨਦੀਪ ਵੀ ਕੋਈ ਸਹਿਮਤੀ ਨਹੀਂ ਸੀ ਜਤਾ ਰਹੀ। ਹਰ ਵਾਰ ਕੋਈ ਨਾ ਕੋਈ ਬਹਾਨਾ ਬਣਾ ਟਾਲ ਦੇਂਦੀ ਕਦੀ ਭਵਿੱਖ ਸੰਵਾਰਨ ਦੀ ਗੱਲ ਕਰਦੀ ਸੀ। ਪਰ ਹੁਣ ਤਾਂ ਕੰਪਨੀ ਦੀ ਮੈਨੇਜਰ ਬਣ ਚੁੱਕੀ ਸੀ। ਚੰਗਾ ਰੁਤਬਾ ਚੰਗੀ ਤਨਖਾਹ ਸੀ। ਹੁਣ ਉਸ ਦਾ ਇਨਕਾਰ ਕਰਨਾ ਉਸ ਨੂੰ ਸ਼ੱਕ ਦੇ ਦਾਇਰੇ ਵਿੱਚ ਖੜਾ ਕਰ ਰਿਹਾ ਸੀ।

ਉਹ ਅਕਸਰ ਆਪਣੇ ਪਤੀ ਸਤਨਾਮ ਸਿੰਘ ਨੂੰ ਟੋਕਦੀ ਰਹੀ ਸੀ। ਤੂੰ ਧੀ ਨੂੰ ਪੁੱਤਾਂ ਵਾਲੀ ਖੁੱਲ ਦੇ ਰੱਖੀ ਹੈ। ਧੀਆਂ ਤੇ ਪਾਬੰਦੀਆਂ ਜ਼ਰੂਰੀ ਹੁੰਦੀਆਂ ਹਨ ਪਰ ਉਹ ਹਰ ਵਾਰ ਗੱਲ ਨੂੰ ਹਾਸੇ ਵਿੱਚ ਟਾਲ ਜਾਂਦਾ। ਇਹੋ ਮੇਰਾ ਪੁੱਤ ਹੈ ਤੇ ਇਹੋ ਧੀ ਹੈ। ਮਨਦੀਪ ਮਾਂ- ਬਾਪ ਦੀ ਇਕਲੌਤੀ ਔਲਾਦ ਸੀ ਇਸ ਲਈ ਪੁੱਤਾਂ ਵਾਂਗੂ ਖੁੱਲ ਦੇ ਰੱਖੀ ਸੀ। ਹਰ ਕੰਮ ਵਿੱਚ ਹੁਸ਼ਿਆਰ, ਪੜਨ ਵਿੱਚ ਅੱਗੇ, ਚੰਗੀ ਸੂਝਵਾਨ ਸੀ। ਉਸਦਾ ਬਾਪੂ ਉਸ ਤੇ ਬਹੁਤ ਫਖ਼ਰ ਕਰਦਾ ਤੇ ਕਹਿੰਦਾ ਮੇਰਾ ਪੁੱਤ ਮੇਰੀ ਪੱਗ ਉੱਚੀ ਕਰ ਮੇਰਾ ਨਾਂ ਰੋਸ਼ਨ ਕਰੇਗਾ। ਉਸ ਦਿਨ ਤੈਨੂੰ ਮਾਣ ਹੋਵੇਗਾ ਆਪਣੀ ਧੀ ਤੇ।

ਅਚਾਨਕ ਸਤਨਾਮ ਸਿੰਘ ਦੇ ਆਣ ਤੇ ਉਸ ਦੀਆਂ ਸੋਚਾਂ ਦੀ ਲੜੀ ਟੁੱਟ ਗਈ। ਅੱਜ ਉਹ ਵੀ ਨਿਮੋ-ਝੂਰ ਹੋ ਅੰਦਰ ਆ ਚੁੱਪਚਾਪ ਬੈਠ ਗਿਆ। ਸੁਖਬੀਰ ਆਪਣੀ ਪਰੇਸ਼ਾਨੀ ਭੁੱਲ ਕੇ ਬੋਲੀ...ਕੀ ਗੱਲ ਹੈ...ਸਭ ਸੁਖ ਹੈ...ਪਰੇਸ਼ਾਨ ਲੱਗ ਰਹੇ ਹੋ

ਮਸਲਾ ਪਰੇਸ਼ਾਨੀ ਦਾ ਹੀ ਹੈ। ਸਤਨਾਮ ਸਿੰਘ ਨੇ ਲੰਬਾ ਹਉਕਾ ਭਰਦੇ ਹੋਏ ਕਿਹਾ। ਸਾਰੇ ਭੈਣ-ਭਰਾ ਟਿਚਰਾਂ ਕਰ ਰਹੇ ਹਨ ਧੀ ਨਹੀਂ ਭੇਜਣੀ ਤਾਂ ਜਵਾਈ ਹੀ ਘਰੇ ਲੈ ਆ। ਘਰ ਤਾਂ ਵੱਸ ਜਾਊ ਧੀ ਧਿਆਣੀ ਦਾ। ਲੋਕ ਸਮਝਦੇ ਹਨ ਅਸੀਂ ਨਹੀਂ ਵਿਆਹ ਰਹੇ। ਕਿਸੇ ਨੂੰ ਕੀ ਦੱਸਾਂ ਕੁੜੀ ਮੰਨਦੀ ਨਹੀਂ। ਬੜੀ ਵਾਰੀ ਕਾਲ ਕੀਤੀ ਕੋਈ ਜਵਾਬ ਨਹੀਂ ਦੇ ਰਹੀ ਸਮਝ ਨਹੀਂ ਆ ਰਹੀ ਕੀ ਕੀਤਾ ਜਾਵੇ। ਮੇਰੇ ਕੋਲ ਇੱਕ ਰਸਤਾ ਹੈ ਉਸ ਦੀ ਸਹੇਲੀ ਅਮਰਜੀਤ ਨੂੰ ਮਿਲਣ ਦੇ ਬਹਾਨੇ ਚੰਡੀਗੜ੍ਹ ਭੇਜਿਆ ਜਾਵੇ

ਉਹ ਹੀ ਉਸਦੇ ਦਿਲ ਦਾ ਰਾਜ਼ ਜਾਣ ਸਕਦੀ ਹੈ। ਠੀਕ ਹੈ ਫੇਰ ਅੱਜ ਹੀ ਮਿਲਦੇ ਹਾਂ ਉਸ ਨੂੰ। ਅਮਰਜੀਤ ਤੇ ਮਨਦੀਪ ਬਹੁਤ ਗੂੜੀਆਂ ਸਹੇਲੀਆਂ ਸਨ। ਬਚਪਨ ਤੋਂ ਜਵਾਨੀ ਤੱਕ ਦੋਨਾਂ ਦਾ ਸਫ਼ਰ ਬਹੁਤ ਸੋਹਣਾ ਰਿਹਾ। ਇੱਕੋ ਪਿੰਡ, ਇੱਕੋ ਸਕੂਲ, ਕਾਲਜ, ਯੂਨੀਵਰਸਿਟੀ ਤੱਕ ਦੋਨੋਂ ਇਕੱਠੀਆਂ ਰਹੀਆਂ। ਇਸੇ ਕਰਕੇ ਦੋਨੋਂ ਇੱਕ ਦੂਜੇ ਦੇ ਸੁਭਾਅ ਤੋਂ ਭਲੀ-ਭਾਂਤੀ ਜਾਣੂ ਸਨ। ਇਕ-ਦੂਜੇ ਦੀ ਪਸੰਦ ਨਾ ਪਸੰਦ ਵੀ ਜਾਣਦੀਆਂ ਸਨ। ਬਿਨਾਂ ਦੱਸੇ ਇਕ ਦੂਜੇ ਦੇ ਮਨ ਦੇ ਭਾਵ ਸਮਝ ਲੈਂਦੀਆਂ ਸਨ। ਪਰ ਸੁਭਾਅ ਵਲੋਂ ਦੋਵੇਂ ਅਲਗ ਸੋਚ ਰਖਦੀਆਂ ਸਨ। ਅਮਰਜੀਤ ਸ਼ਾਂਤ, ਗੰਭੀਰ ਤੇ ਦੂਰ ਅੰਦੇਸ਼ੀ ਵਾਲੀ ਸੀ। ਪੜ੍ਹੀ-ਲਿਖੀ ਹੋ ਕੇ ਵੀ ਆਪਣੀ ਮਿੱਟੀ ਨਾਲ ਜੁੜੀ ਰਹਿਣ ਵਾਲੀ। ਉਹ ਅਕਸਰ ਕਹਿੰਦੀ ਅਸੀਂ ਪੇਂਡੂ ਸਾਦੇ ਤੇ ਸੁੱਚੇ ਲੋਕ ਹਾਂ। ਸਾਦਗੀ ਨਾਲ ਜਿਉਂਦੇ ਤੇ ਗਹਿਰਾਈ ਨਾਲ ਸੋਚਦੇ ਹਾਂ। ਸਾਡੀ ਜ਼ਮੀਨ ਸਾਡੀ ਜੰਨਤ ਹੈ, ਸਾਡੀ ਰੋਜ਼ੀ-ਰੋਟੀ ਦਾ ਵਸੀਲਾ ਹੈ। ਪਰ ਮਨਦੀਪ ਇਸ ਤੋਂ ਬਿਲਕੁਲ ਉਲਟ ਸੋਚ ਸੁਭਾਅ ਦੀ ਸੀ। ਤੇਜ਼-ਤਰਾਰ, ਬੇਬਾਕ ਅੰਦਾਜ਼ ਵਾਲੀ, ਲਾਪਰਵਾਹ। ਪਰਿਵਾਰ ਤੇ ਸਮਾਜ ਦੀ ਬਿਲਕੁਲ ਪਰਵਾਹ ਨਾ ਕਰਦੀ। ਆਪਣੀ ਜ਼ਿੰਦਗੀ ਆਪਣੇ ਅਸੂਲਾਂ ਮੁਤਾਬਿਕ ਜੀਣ ਵਾਲੀ, ਪੇਂਡੂ ਜੀਵਨ ਤੋਂ ਉਥ ਚੁਕੀ ਸੀ। ਉਹ ਵੱਡੇ ਵੱਡੇ ਸ਼ਹਿਰਾਂ ਵਿੱਚ ਰਹਿਣ ਦੇ ਸੁਪਨੇ ਵੇਖਦੀ। ਇਹ ਉਸ ਦਾ ਅਧਿਕਾਰ ਵੀ ਸੀ। ਦੋਨੋਂ ਪੜ੍ਹ-ਲਿਖ ਕੇ ਕਾਬਿਲ ਬਣ ਚੁੱਕੀਆਂ ਸਨ। ਜ਼ਿੰਦਗੀ ਦੀਆਂ ਬੁਲੰਦੀਆਂ ਨੂੰ ਛੂਹਣਾ ਉਹਨਾਂ ਦਾ ਹੱਕ ਸੀ। ਸੋ ਆਪਣੀ ਆਪਣੀ ਸੋਚ ਮੁਤਾਬਿਕ ਦੋਨਾਂ ਦੇ ਸੁਪਨੇ ਵੀ ਅਲੱਗ ਸਨ।

ਆਖਿਰ ਵਕਤ ਦੋਨਾਂ 'ਤੇ ਮਿਹਰਬਾਨ ਹੋ ਗਿਆ। ਅਮਰਜੀਤ ਨੂੰ ਆਪਣੇ ਪਿੰਡ ਦੇ ਲਾਗਲੇ ਪਿੰਡ ਵਿੱਚ ਅਧਿਆਪਕਾ ਦੀ ਨੌਕਰੀ ਮਿਲ ਗਈ ਤੇ ਮਨਦੀਪ ਨੂੰ ਆਪਣੀ ਸੋਚ ਮੁਤਾਬਿਕ ਚੰਡੀਗੜ੍ਹ ਮਲਟੀ-ਨੈਸ਼ਨਲ ਕੰਪਨੀ ਵਿੱਚ ਚੰਡੀਗੜ੍ਹ ਮਿਲ ਗਈ। ਸੋਚ ਦੋਨਾਂ ਦੀ ਇੱਕ ਦੂਜੇ ਤੋਂ ਉਲਟ ਸੀ ਪਰ ਦੋਸਤੀ ਬਹੁਤ ਗਹਿਰੀ ਸੀ। ਇਹ ਉਹਨਾਂ ਦੇ ਰਿਸ਼ਤੇ ਦੀ ਬਹੁਤ ਵੱਡੀ ਖੂਬੀ ਸੀ। ਅਲੱਗ ਰਹਿ ਕੇ ਵੀ ਦੋਨੋਂ ਇੱਕ ਦੂਜੇ ਨਾਲ ਲਗਾਤਾਰ ਰਾਬ਼ਤਾ ਕਾਇਮ ਰੱਖਦੀਆਂ। ਮਨਦੀਪ ਜਲਦੀ ਹੀ ਸ਼ਹਿਰੀ ਮਾਹੌਲ ਵਿੱਚ ਰੱਚ-ਮਿਚ ਗਈ। ਸ਼ੁਰੂ ਸ਼ੁਰੂ ਵਿੱਚ ਹਰ ਛੁੱਟੀ ਪਿੰਡ ਆ ਕੇ ਗੁਜ਼ਾਰਦੀ ਸੀ ਪਰ ਹੁਣ ਉਹ ਆਪਣੇ ਸਹਿਕਰਮੀਆਂ ਨਾਲ ਬਿਤਾਉਂਦੀ। ਹਰ ਵਾਰੀ ਨਵੀਂ ਨਵੀਂ ਜਗ੍ਹਾ ਘੁੰਮਦੇ, ਪਾਰਟੀਆਂ ਹੁੰਦੀਆਂ, ਨਿਤ ਨਵੇਂ ਰੰਗ ਵੇਖਣ ਨੂੰ ਮਿਲਦੇ। ਅਮਰਜੀਤ ਵੀ ਆਪਣੀ ਕਾਬਲੀਅਤ ਸਦਕਾ ਦੂਜਿਆਂ ਦੇ ਭਵਿੱਖ ਸੰਵਾਰ ਰਹੀ ਸੀ।

ਅਮਰਜੀਤ ਦੀ ਸੋਚ ਸੀ, ਕਿ ਹੁਣ ਅਸੀਂ ਕਮਾਊ ਹੋ ਗਈਆਂ ਹਾਂ, ਹੁਣ ਸਾਨੂੰ ਆਪਣਾ ਘਰ ਵਸਾ ਲੈਣਾ ਚਾਹੀਦਾ ਹੈ। ਪਰ ਮਨਦੀਪ ਕਹਿੰਦੀ, ਮੈਂ ਐਸਾ ਨਹੀਂ ਸੋਚਦੀ, ਮੈਂ ਆਪਣੀ ਜ਼ਿੰਦਗੀ ਖੁੱਲ੍ਹ ਕੇ ਜਿਉਣਾ ਚਾਹੁੰਦੀ ਹਾਂ। ਸ਼ਾਦੀ ਦੇ ਬੰਧਨ ਤੋਂ ਆਜ਼ਾਦ ਰਹਿ ਕੇ, ਬੇਫਿਕਰ ਹੋ ਕੇ।

ਇਕ ਦਿਨ ਅਮਰਜੀਤ ਨੇ ਆਪਣਾ ਫੈਸਲਾ ਸੁਣਾ ਦਿੱਤਾ। ਉਸ ਦੇ ਸਕੂਲ ਵਿੱਚ ਇੱਕ ਅਰਸ਼ਦੀਪ ਨਾਂ ਦਾ ਅਧਿਆਪਕ ਹੈ। ਸਹਿਕਰਮੀ ਹੋਣ ਕਾਰਨ ਉਹਨਾਂ ਦੋਵਾਂ ਦੀ ਅਕਸਰ ਜ਼ਿੰਦਗੀ ਦੇ ਹਰ ਵਿਸ਼ੇ 'ਤੇ ਗੱਲਬਾਤ ਹੁੰਦੀ ਰਹਿੰਦੀ ਸੀ। ਉਹ ਅਮਰਜੀਤ ਦੀ ਸੋਚ ਤੋਂ ਕਾਫੀ ਪ੍ਰਭਾਵਿਤ ਸੀ। ਉਸਦੇ ਹਰ ਫੈਸਲੇ ਦਾ ਦਿਲ ਖੋਲ੍ਹ ਸਤਿਕਾਰ ਕਰਦਾ ਰਹਿੰਦਾ ਸੀ। ਉਸੇ ਪਿੰਡ ਦਾ ਰਹਿਣ ਵਾਲਾ ਸੀ। ਸੋ ਉਸ ਨੇ ਅਮਰਜੀਤ ਦੇ ਮਾਂ-ਬਾਪ ਅੱਗੇ ਸ਼ਾਦੀ ਦਾ ਪ੍ਰਸਤਾਵ ਰੱਖ ਦਿੱਤਾ ਤੇ ਉਹਨਾਂ ਵੀ ਸਹਿਮਤੀ ਜੱਤਾ ਦਿੱਤੀ। ਤੇ ਜਲਦੀ ਹੀ ਦੋਨੋਂ ਗ੍ਰਹਿਸਥ ਜੀਵਨ ਵਿੱਚ ਪ੍ਰਵੇਸ਼ ਕਰ ਗਏ। ਮਨਦੀਪ ਉਸ ਦੀ ਸ਼ਾਦੀ ਤੋਂ ਖੁਸ਼ ਨਹੀਂ ਸੀ। ਉਹ ਕਹਿੰਦੀ- ਆਪ ਵੀ ਅਧਿਆਪਿਕਾ ਤੇ ਜੀਵਨ ਸਾਥੀ ਵੀ ਅਧਿਆਪਕ, ਸੋ ਬੋਰਿੰਗ ਯਾਰ! ਉਹ ਵੀ ਪਿੰਡ ਦਾ...ਕੋਈ ਸ਼ਹਿਰੀ ਮੁੰਡਾ ਵੇਖਦੀ, ਜ਼ਿੰਦਗੀ ਦੀਆਂ ਰੰਗੀਨੀਆਂ ਤੇ ਵੇਖ ਲੈਂਦੀ। ਪਰ ਪਤਾ ਨਹੀਂ ਤੇਰੀ ਸੋਚ ਕੈਸੀ ਹੈ। "Change is the demand of time."




ਕਹਾਣੀ ਦਾ ਅਗਲੇ ਭਾਗ ਅਗਲੇ ਪੰਨੇ ਤੇ ਜਾਰੀ........

## ਨਸਲਕੁਸ਼ੀ -2

ਭਾਗ -2

ਅਮਰਜੀਤ ਅੱਗੋਂ ਹੱਸ ਕੇ ਕਹਿੰਦੀ, ਤੈਨੂੰ ਪਤਾ ਹੀ ਹੈ, ਮੈਨੂੰ ਆਪਣੀ ਮਿੱਟੀ ਨਾਲ ਬਹੁਤ ਪਿਆਰ ਹੈ। ਤੈਨੂੰ ਵੇਖਕੇ ਮੈਂ ਵੱਡੇ ਸ਼ਹਿਰਾਂ ਦੇ ਰੰਗ ਵੇਖ ਲੈਂਦੀ ਹਾਂ। ਮੈਂ ਸ਼ਹਿਰ ਦੀ ਤੇਜ਼ ਰਫਤਾਰ ਜ਼ਿੰਦਗੀ ਨਾਲ ਨਹੀਂ ਦੌੜ ਸਕਦੀ, ਮੈਨੂੰ ਆਪਣੀ ਜ਼ਿੰਦਗੀ ਵਿੱਚ ਠਹਿਰਾਵ ਪਸੰਦ ਹੈ। ਮੈਂ ਅਰਸ਼ਦੀਪ ਨੂੰ ਸਮਝਦੀ ਹਾਂ ਤੇ ਉਹ ਮੈਨੂੰ ਸਮਝਦਾ ਹੈ। ਅਸੀਂ ਦੋਨੋਂ ਬਹੁਤ ਖੁਸ਼ ਹਾਂ। ਮੇਰੀਆਂ ਛੋਟੀਆਂ ਛੋਟੀਆਂ ਨਸੀਹਤਾਂ ਉਸ ਨੂੰ ਖੁਸ਼ ਕਰ ਦੇਂਦੀਆਂ ਹਨ ਤੇ ਉਸ ਦੀ ਖੁਸ਼ੀ ਵਿੱਚੋਂ ਮੈਨੂੰ ਜ਼ਿੰਦਗੀ ਦੇ ਸਾਰੇ ਰੰਗ ਮਿਲ ਜਾਂਦੇ ਹਨ, ਤੈਨੂੰ ਵੀ ਮੇਰੀ ਸਲਾਹ ਹੈ। ਸ਼ਹਿਰ ਦੀਆਂ ਰੰਗੀਨੀਆਂ ਵਿੱਚੋਂ ਜ਼ਿੰਦਗੀ ਦੇ ਰੰਗ ਨਾ ਲੱਭ। ਕਿਸੇ ਦੀ ਹੋ ਜਾ ਤੇ ਉਸਦੇ ਪਿਆਰ ਵਿਚ ਆਪਣੇ ਆਪ ਨੂੰ ਰੰਗ ਲੈ। ਇਹੀ ਜ਼ਿੰਦਗੀ ਦਾ ਮਨੋਰਥ ਹੈ।

ਮਨਦੀਪ ਖਿੜ-ਖਿੜਾ ਕੇ ਹੱਸ ਪਈ ਤੇ ਬੋਲੀ ਮੇਰੇ ਖਾਬਾਂ ਦੀ ਪਰਵਾਜ਼ ਬਹੁਤ ਉੱਚੀ ਹੈ। ਸਤ ਸਮੁੰਦਰ ਪਾਰ ਜਾਣਾ ਲੋਚਦੀ ਹੈ। ਮੈਂ ਦੁਨੀਆਂ ਦਾ ਆਖਰੀ ਛੋਰ ਵੇਖਣਾ ਚਾਹੁੰਦੀ ਹਾਂ। ਰਸਤਾ ਭਾਵੇਂ ਲੰਬਾ ਹੈ, ਪਰ ਮੈਂ ਵੀ ਉੱਡਣਾ ਜਾਣਦੀ ਹਾਂ,...ਚਲੋ, ਤੈਨੂੰ ਤੇਰੀ ਰਾਹ ਮੁਬਾਰਿਕ, ਤੇ ਮੈਨੂੰ ਮੇਰੀ ਦੁਨੀਆਂ, ਕਹਿੰਦੇ ਹੋਏ ਦੋਵੇਂ ਅਲਗ ਹੋ ਗਈਆਂ।

ਦੇਖਦੇ ਦੇਖਦੇ ਕਈ ਸਾਲ ਬੀਤ ਗਏ, ਅਮਰਜੀਤ ਦੋ ਬੱਚਿਆਂ ਦੀ ਮਾਂ ਬਣ ਗਈ। ਮਨਦੀਪ ਆਪਣੀ ਰੰਗੀਨ ਦੁਨੀਆਂ ਵਿਚ ਮਸਤ ਸੀ। ਹੁਣ ਉਸ ਦੇ ਮਾਂ ਬਾਪ ਵੀ ਪ੍ਰੇਸ਼ਾਨ ਹੋ ਚੁੱਕੇ ਸਨ ਉਹ ਅਕਸਰ ਕਹਿੰਦੇ "ਉਮਰ ਲੰਘ ਰਹੀ ਹੈ, ਆਪਣਾ ਘਰ ਵਸਾ ਲੈ" ਉਸ ਦਾ ਹਰ ਵਾਰ ਦੀ ਤਰ੍ਹਾਂ ਇਹੀ ਜਵਾਬ ਹੁੰਦਾ। ਕੁਝ ਬਣ ਜਾਵਾਂ ਫੇਰ ਸੋਚਾਂਗੀ। ਉਹ ਕਿਸੇ ਵੀ ਕੀਮਤ 'ਤੇ ਸਮਝੌਤਾ ਕਰਨ ਲਈ ਤਿਆਰ ਨਹੀਂ ਸੀ।

ਫਿਰ ਹਾਰ ਕੇ ਇਕ ਦਿਨ ਉਸਦੇ ਮਾਂ ਬਾਪ ਨੇ ਅਮਰਜੀਤ ਨੂੰ ਬੁਲਾ ਲਿਆ, ਕਿ ਤੂੰ ਚੰਡੀਗੜ੍ਹ ਜਾ ਕੇ ਪਤਾ ਕਰ, ਕੀ ਕਾਰਨ ਹੈ। ਉਹ ਵਿਆਹ ਦਾ ਸੁਣਦੇ ਹੀ ਕਿਉਂ ਟਾਲ ਜਾਂਦੀ ਹੈ। ਸਾਨੂੰ ਲੱਗਦਾ ਹੈ, ਕਿ ਕੁਝ ਛੁਪਾ ਰਹੀ ਹੈ। ਤੈਨੂੰ ਉਹ ਸਭ ਸੱਚ ਦੱਸ ਦਵੇਗੀ, ਸੋ ਸਾਡੇ ਤੇ ਦਯਾ ਕਰ ਤੇ ਸੱਚ ਪਤਾ ਕਰਕੇ ਦੱਸ।

ਅਮਰਜੀਤ ਅਗਲੇ ਦਿਨ ਹੀ ਮਨਦੀਪ ਕੋਲ ਜਾ ਪਹੁੰਚੀ, ਪੂਰਾ ਦਿਨ ਇਧਰ- ਉਧਰ ਦੀਆਂ ਗੱਲਾਂ ਹੁੰਦੀਆਂ ਰਹੀਆਂ, ਰਾਤ ਅਮਰਜੀਤ ਨੇ ਉਸਦੇ ਵਿਆਹ ਦੀ ਗੱਲ ਛੇੜ ਦਿੱਤੀ। ਪਹਿਲਾਂ ਤਾਂ ਉਹ ਟਲਦੀ ਰਹੀ, ਪਰ ਫਿਰ ਉਸਨੇ ਦੱਸਿਆ ਕਿ ਉਹ ਸ਼ਾਦੀ ਕਰ ਚੁੱਕੀ ਹੈ। ਆਪਣੀ ਪਸੰਦ ਦੇ ਲੜਕੇ ਨਾਲ, ਦੱਸਣਾ ਨਹੀਂ ਸੀ ਚਾਹੁੰਦੀ ਕਿਉਂਕਿ ਉਸ ਦੀ ਪਸੰਦ ਨਾਲ ਕੋਈ ਸਹਿਮਤ ਨਹੀਂ ਹੋਵੇਗਾ। ਇਸ ਲਈ ਉਹ ਵਿਦੇਸ਼ ਜਾ ਕੇ ਵਸਣਾ ਚਾਹੁੰਦੀ ਹੈ, ਨਾ ਕੋਈ ਕੁਝ ਵੇਖੇ ਨਾ ਬੋਲੇ ਮਨਦੀਪ ਨੇ ਕਿਹਾ, ਐਸਾ ਕੀ ਪਸੰਦ ਕੀਤਾ ਹੈ ਤੂੰ, ਜੋ ਬਾਕੀ ਪਸੰਦ ਨਹੀਂ ਕਰਨਗੇ। ਅੱਜ ਤੱਕ ਸਭ ਕੁਝ ਤਾਂ ਤੂੰ ਆਪਣੀ ਮਰਜ਼ੀ ਨਾਲ ਹੀ ਤੇ ਕਰਦੀ ਆਈ ਹੈ। ਤੈਨੂੰ ਪੂਰਾ ਹੱਕ ਦਿੱਤਾ ਹੈ ਤੇਰੇ ਪਰਿਵਾਰ ਨੇ ਖੁੱਲ ਕੇ ਜਿਉਣ ਦਾ ਫੇਰ ਤੂੰ ਇਹ ਸਭ ਛੁਪਾ ਕੇ ਕਿਉਂ ਰੱਖਿਆ ਹੈ। ਮੈਂ ਖੁਦ ਹੈਰਾਨ ਹਾਂ ਤੂੰ ਕੀ ਕਹਿ ਰਹੀ ਹੈ। ਇਤਨਾ ਵੱਡਾ ਅਹਿਮ ਫੈਸਲਾ ਤੂੰ ਪਰਿਵਾਰ ਦੀ ਰਜ਼ਾਮੰਦੀ ਬਿਨਾਂ ਕਿੰਝ ਲੈ ਲਿਆ। ਮੈਨੂੰ ਯਕੀਨ ਨਹੀਂ ਹੋ ਰਿਹਾ ਮਨਦੀਪ, ਤੂੰ ਸੱਚ ਬੋਲ ਰਹੀ ਹੈਂ। ਹਾਂ ਮੈਂ ਬਿਲਕੁਲ ਸੱਚ ਬੋਲ ਰਹੀ ਹਾਂ। ਮੈਨੂੰ ਪਤਾ ਹੈ ਤੂੰ ਵੀ ਮੇਰੇ ਫੈਸਲੇ ਤੇ ਖੁਸ਼ ਨਹੀਂ ਹੋਵੇਂਗੀ ਪਰ ਮੈਂ ਜ਼ਿੰਦਗੀ ਨੂੰ ਬੋਝ ਬਣਾ ਕੇ ਨਹੀਂ ਜਿਉਣਾ ਚਾਹੁੰਦੀ। ਦੂਸਰਿਆਂ ਦੀ ਖੁਸ਼ੀ ਲਈ, ਮੈਂ ਸਾਰੀ ਜ਼ਿੰਦਗੀ ਦੀਆਂ ਖੁਸ਼ੀਆਂ ਕੁਰਬਾਨ ਨਹੀਂ ਕਰ ਸਕਦੀ। ਮੇਰੀ ਜ਼ਿੰਦਗੀ ਤੇ, ਪਹਿਲਾ ਹੱਕ ਮੇਰਾ ਹੀ ਹੈ।

ਛੱਡ ਬੁਝਾਰਤਾਂ ਨਾ ਪਾ, ਹੁਣ ਦੱਸ ਵੀ ਦੇ, ਤੂੰ ਕੀ ਕੀਤਾ ਹੈ, ਅਮਰਜੀਤ ਉਤਾਵਲੀ ਸੀ ਸੱਚ ਸੁਣਨ ਲਈ।

ਲੈ ਸੁਣ ਫਿਰ, ਮੈਨੂੰ ਸਿੱਖ ਮੁੰਡੇ ਬਿਲਕੁਲ ਵੀ ਪਸੰਦ ਨਹੀਂ ਸੀ। ਇਸ ਲਈ ਮੈਂ ਕਲੀਨ-ਸ਼ੇਵ ਨਾਲ ਵਿਆਹ ਕਰਵਾਇਆ ਹੈ। ਬਸ ਇੰਤਜ਼ਾਰ ਕਰ ਰਹੀ ਹੈ ਕਨੇਡਾ ਜਾਣ ਦੀ। ਉਥੇ ਜਾ ਕੇ ਸਭ ਨੂੰ ਦੱਸ ਦਿਆਂਗੀ। ਤੈਨੂੰ ਪਤਾ ਹੀ ਹੈ ਮੇਰੇ (ਦਾਰ ਜੀ) ਕਿੰਨੇ ਸਖਤ ਹਨ ਆਪਣੇ, ਮਜ਼ਹਬ ਨੂੰ ਲੈ ਕੇ, ਉਹ ਮੈਨੂੰ ਕਦੇ ਵੀ ਇੰਝ ਕਰਨ ਨਹੀਂ ਦੇਂਦੇ। ਇਸ ਲਈ ਮੈਨੂੰ ਸਭ ਛੁਪਾ ਕੇ ਕਰਨਾ ਪਿਆ ਮਨਦੀਪ ਦੱਸ ਰਹੀ ਸੀ।

ਇਹ ਤੂੰ ਕੀ ਕਹਿ ਰਹੀ ਹੈ। ਤੂੰ ਜਾਣਦੀ ਹੈਂ। ਇਸ ਦਾ ਅੰਜਾਮ ਕੀ ਹੋਵੇਗਾ ਅਮਰਜੀਤ ਨੂੰ ਆਪਣੇ ਕੰਨਾਂ ਤੇ ਯਕੀਨ ਨਹੀਂ ਹੋ ਰਿਹਾ, ਕਿ ਇਹ ਲਫਜ਼ ਮਨਦੀਪ ਦੇ ਹਨ ਗੁਰੂ ਘਰ ਸਵੇਰੇ, ਸ਼ਾਮੀ ਜਾਣ ਵਾਲੀ ਜੋੜਿਆਂ ਦੀ ਸੇਵਾ ਕਰਨ ਵਾਲੀ ਪਾਠ ਕੀਤੇ ਬਿਨਾਂ ਅੰਨ ਨਹੀਂ ਸੀ ਖਾਂਦੀ ਹੁਣ ਇਹ ਤੈਨੂੰ ਕੀ ਹੋ ਗਿਆ ਹੈ। ਚੁੱਪ-ਚਾਪ ਆਪਣਾ ਫੈਸਲਾ ਬਦਲ ਲੈ, ਆਪਣੇ ਗੁਰੂ ਤੋਂ ਮੂੰਹ ਨਾ ਮੋੜ, ਰੁਲ ਜਾਵੇਂਗੀ। ਬੁਰਾ ਸੁਪਨਾ ਸਮਝ ਕੇ ਸਭ ਕੁਝ ਭੁੱਲ ਜਾ, ਅਜੇ ਕੁਝ ਨਹੀਂ ਵਿਗੜਿਆ।

ਨਹੀਂ, ਬਿਲਕੁਲ ਵੀ ਨਹੀਂ, ਮੈਂ ਜੋ ਵੀ ਕੀਤਾ ਹੈ ਸੋਚ-ਸਮਝ ਕੇ ਕੀਤਾ ਹੈ। ਹੁਣ ਕੁਝ ਵੀ ਬਦਲ ਨਹੀਂ ਸਕਦਾ। ਮੈਂ ਕਹਿ ਚੁੱਕੀ ਹਾਂ ਮੈਨੂੰ ਸਿੱਖ ਲੜਕੇ ਪਸੰਦ ਨਹੀਂ ਹਨ। ਹੁਣ ਅਮਰਜੀਤ ਵੀ ਕ੍ਰੋਧਿਤ ਹੋ ਗਈ, ਤੂੰ ਜਾਣਦੀ ਨਹੀਂ ਤੂੰ ਕਿੰਨਾ ਵੱਡਾ ਪਾਪ ਕੀਤਾ ਹੈ।

ਤੂੰ ਆਪਣੇ ਵਿਰਸੇ ਦੀ, ਆਪਣੀ ਕੌਮ ਦੀ, ਆਪਣੀ ਸਿੱਖੀ ਦੀ ਆਪਣੇ ਹੱਥੀਂ ਨਸਲਕੁਸ਼ੀ ਕੀਤੀ ਹੈ। ਤੂੰ ਗੁਨਾਹਗਾਰ ਹੈਂ ਆਪਣੇ ਪਰਿਵਾਰ ਦੀ, ਆਪਣੇ ਸਮਾਜ ਦੀ, ਆਪਣੀ ਸਿੱਖ ਕੌਮ ਦੀ, ਯਾਦ ਰੱਖੀਂ ਤੇਰਾ ਇਹ ਪਾਪ ਜ਼ਿੰਦਗੀ ਭਰ ਤੇਰੇ ਅੱਗੇ ਖੜਾ ਹੈ ਤੈਨੂੰ ਕੋਸਦਾ ਰਹੇਗਾ।

ਅੱਜ ਪੜੇ-ਲਿਖੇ ਸਿੱਖ ਕੌਮ ਦੇ ਹੋਣਹਾਰ ਬੱਚੇ, ਹਰ ਗਲੀ, ਮੁਹੱਲੇ ਵਿੱਚ ਕੁਆਰੇ ਬੈਠੇ ਹਨ। ਸਿੱਖਾਂ ਦੀਆਂ ਧੀਆਂ ਦੂਜੇ ਧਰਮਾਂ ਵਿੱਚ ਜਾਣ ਵਿੱਚ ਫ਼ਖ਼ਰ ਸਮਝ ਰਹੀਆਂ ਹਨ ਇਸ ਤਰੀਕੇ ਨਾਲ ਕੀਤੀ (ਨਸਲਕੁਸ਼ੀ) ਕਦੇ ਮਾਫ ਨਹੀਂ ਕੀਤੀ ਜਾ ਸਕਦੀ। 35% ਲੜਕੇ ਨਸ਼ੇ ਦੇ ਕਾਰਨ ਆਪਣਾ ਆਪ ਖਤਮ ਕਰ ਚੁੱਕੇ ਹਨ। ਉਹਨਾਂ ਦੀਆਂ ਬੀਵੀਆਂ IVF ਸੈਂਟਰ ਜਾ ਕੇ ਭਈਆਂ ਦੇ ਬੱਚੇ ਪੈਦਾ ਕਰ ਰਹੀਆਂ ਹਨ। ਇਹ ਮੈਂ ਨਹੀਂ ਕਹਿ ਰਹੀ ਮਨਦੀਪ, ਇਹ ਇੱਕ ਸਰਵੇ ਦੀ ਰਿਪੋਰਟ ਹੈ। ਮੈਂ ਇਸ ਤੇ ਬਿਲਕੁਲ ਯਕੀਨ ਨਹੀਂ ਸੀ ਕੀਤਾ ਪਰ ਅੱਜ ਤੈਨੂੰ ਵੇਖ ਕੇ ਯਕੀਨ ਹੋ ਗਿਆ ਕਿ ਉਹ ਰਿਪੋਰਟ ਦੇ ਆਂਕੜੇ ਸਹੀ ਸੀ। ਆਜ਼ਾਦ ਤੇ ਤੂੰ ਪਹਿਲਾਂ ਹੀ ਸੈਂ। ਪਰ ਇਸ ਹੱਦ ਤੱਕ ਜਾ ਸਕਦੀ ਹੈਂ। ਮੈਂ ਕਦੀ ਨਹੀਂ ਸੀ ਸੋਚਿਆ। ਤੂੰ ਵੀ ਆਪਣੀ ਕੋਖ ਤੋਂ ਇੱਕ ਭਈਏ ਦੇ ਬੱਚੇ ਨੂੰ ਜਨਮ ਦਵੇਂਗੀ। ਮੈਨੂੰ ਤੂੰ ਪਾਪਣ ਲੱਗ ਰਹੀ ਹੈਂ, ਮੈਨੂੰ ਕਾਤਿਲ ਲੱਗ ਰਹੀ ਹੈ ਤੂੰ, ਇੱਥੇ ਦੀਆਂ ਰੰਗੀਨੀਆਂ ਨੇ ਤੇਰੇ ਸੰਸਕਾਰ ਖੋਹ ਲਏ ਹਨ। ਇਹਨਾਂ ਰੰਗਦਾਰ ਰੋਸ਼ਨੀਆਂ ਨੇ ਤੇਰਾ ਵਜੂਦ ਮਿਟਾ ਦਿੱਤਾ ਹੈ। ਝਾਤ ਮਾਰ ਆਪਣੇ ਵਿਰਸੇ ਤੇ ਤੂੰ, ਕੌਣ ਹੈਂ। ਤੇਰਾ ਇਤਿਹਾਸ ਕੀ ਹੈ।

ਬਸ ਬਸ ਮੈਨੂੰ ਜ਼ਿਆਦਾ ਭਾਸ਼ਣ ਦੇਣ ਦੀ ਜ਼ਰੂਰਤ ਨਹੀਂ ਹੈ। ਯਾਦ ਕਰ ਬਚਪਨ ਤੋਂ ਅੱਜ ਤੱਕ ਤੂੰ ਕਿੰਨੀ ਵਾਰੀ ਦੱਸ ਚੁੱਕੀ ਹੈਂ ਕਿ ਤੇਰੇ ਜਨਮ ਤੋਂ ਲੈ ਕੇ ਤੇਰੇ ਭਰਾ ਦੇ ਜਨਮ ਤੱਕ ਤੇਰੀਆਂ ਦੋ ਭੈਣਾਂ ਹੋਰ ਹੋਣੀਆਂ ਸਨ ਜਿਨ੍ਹਾਂ ਦਾ ਤੇਰੇ ਮਾਂ ਬਾਪ ਨੇ ਕੁੱਖ ਵਿੱਚ ਹੀ ਕਤਲ ਕਰ ਦਿੱਤਾ। ਭਰੂਣ ਹੱਤਿਆ ਵੀ ਇਕ ਪਾਪ ਹੈ, ਇੱਕ ਕਤਲ ਹੈ। ਨਸਲਕੁਸ਼ੀ ਹੈ ਫੇਰ ਮੈਂ ਹੀ ਦੋਸ਼ੀ ਕਿਉਂ।




## ਗ਼ਜ਼ਲ

ਭਰੇ ਪਰਿਵਾਰ ਵਿਚ ਸਭ ਤੋਂ ਸਿਆਣਾ ਬਾਪ ਹੀ ਹੁੰਦੈ।
ਜੋ ਜੀਵੇ ਬੱਚਿਆ ਖਾਤਰ ਨਿਮਾਣਾ ਬਾਪ ਹੀ ਹੁੰਦੈ।

ਜਿਤਾਵੇ ਖੇਡ ਬੱਚੇ ਨੂੰ ਹਰਾਵੇ ਖੁਦ ਨੂੰ ਹਰ ਵਾਰੀ ,
ਹਰੇ ਜੋ ਬੱਚਿਆ ਕੋਲੋਂ ਨਿਆਣਾ ਬਾਪ ਹੀ ਹੁੰਦੈ।

ਮਿਲੇ ਅੱਧੀ ਵੀ ਰੋਟੀ ਤਾਂ ਸ਼ੁਕਰ ਕਰਕੇ ਉਹ ਖਾ ਲੈਂਦਾ ,
ਜੋ ਮੰਨੇ ਹਰ ਸਮੇ ਰਬ ਦਾ ਹੀ ਭਾਣਾ ਬਾਪ ਹੀ ਹੁੰਦੈ।

ਕਿਸੇ ਨੂੰ ਕੀ ਪਤਾ ਘਰ ਨੂੰ ਚਲਾਉਣਾ ਹੈ ਕਿਵੇ ਪੈਂਦਾ ,
ਇਕੱਠਾ ਕਰ ਰਿਹਾ ਦਿਨ ਰਾਤ ਦਾਣਾ ਬਾਪ ਹੀ ਹੁੰਦੈ।

ਨਾ ਕੋਈ ਸ਼ੌਂਕ ਖਾਣੇ ਦਾ ਨਾ ਪੈਣੇ ਦਾ ਰਹੇ ਉਸ ਨੂੰ ,
ਜਿਦੇ ਤਨ ਤੇ ਰਹੇ ਕਪੜਾ ਪੁਰਾਣਾ ਬਾਪ ਹੀ ਹੁੰਦੈ।

ਬਿਨਾ ਮਾਂ-ਬਾਪ ਦੇ ਬੱਚੇ ਗਵਾਚੇ ਲੱਭ ਰਹੇ ਸੁਪਨੇ ,
ਕਿਸੇ ਬੱਚੇ ਦਾ ਸੁਪਨਾ ਵੀ ਸੁਹਾਣਾ ਬਾਪ ਹੀ ਹੁੰਦੈ।

ਕਦਰ ਕਰਦੇ ਨਹੀਂ ਹੁਣ ਮਤਲਬੀ ਬੱਚੇ ਬਜ਼ੁਰਗਾਂ ਦੀ ,
ਇਨਾਂ ਲੋਕਾਂ ਬੁਢਾਪੇ ਵਿਚ ਰੁਲਾਣਾ ਬਾਪ ਹੀ ਹੁੰਦੈ।

ਘਰੋਂ ਰੁੱਸ ਕੇ ਭਟਕ ਜਾਉ ਖੁਆਰੀ ਹੀ ਪਊ ਪੱਲੇ ,
ਬੁਰੇ ਬੱਚੇ ਦਾ ਆਖਿਰ ਨੂੰ ਟਿਕਾਣਾ ਬਾਪ ਹੀ ਹੁੰਦੈ।

ਨਿਕੰਮੀ ਔਲਾਦ ਦਾ ਬੋਰਾ ਹੀ ਲੈ ਕੇ ਬੈਠ ਜਾਏਗਾ,
ਇਹ ਦੁਖੜੇ "ਰਾਜ" ਝੱਲੇ ਜੋ ਨਿਮਾਣਾ ਬਾਪ ਹੀ ਹੁੰਦੈ।




## ਨਸ਼ੇ

ਨਸ਼ੇ ਜੱਗ ਵਿੱਚ ਇੱਕ ਵੱਡਾ ਕੋਹੜ,
ਕਈ ਦਰ ਪੱਟੇ ਕਈ ਦਿੱਤੇ ਰੋਹੜ,
ਭਾਂਤ-ਭਾਂਤ ਦੇ ਨਸ਼ਿਆਂ ਨੇ
ਪੰਜਾਬ ਦੀ ਜ਼ਬਾਨੀ ਨੂੰ ਦਿੱਤਾ ਖੋਰ।

ਚਰਸ,ਅਫੀਮ,ਚਿੱਟਾ ਤੇ ਗਾਂਜਾ
ਸਮੈਕ,ਭੁੱਕੀ ਹੈਰੋਇਨ ਜਿਹੇ ਨਸ਼ੇ,
ਦੇਸ਼ ਮੇਰੇ ਦੇ ਜੋਬਨ ਭਰੇ। ,
ਕਈ ਗਭਰੂ ਇਹਨਾਂ ਚੋਂ ਫਸੇ ।

ਮਨਮੋਹਕ ਪਰਬਤ ਹਿਮਾਲਿਆ ਦੀ ਕਰਵਟ ,
ਪੰਜਾਬ ਮੇਰੇ ਦੀ ਸੋਹਣੀ ਵਜੀਦ ਲੱਗੇ ॥
ਪੰਜ ਦਰਿਆਵਾਂ ਦੀ ਧਰਤੀ ਇਸ ਦੀ ,
ਕਿਉਂ ਛੇਵਾਂ ਨਸ਼ਿਆਂ ਵੱਗੇ ॥

ਮਹਿਫਲਾਂ ਦੀ ਰਾਣੀ ਬਣ ਗਈ,
ਟੇਬਲਾਂ ਤੇ ਸੱਜ ਕੇ ਬਹਿ ਗਈ ,
ਰਲ-ਮਿਲ ਯਾਰ ਪੀਂਦੇ ਦਾਰੂ ,
ਹੱਡਾਂ ਵਿੱਚ ਰਚ ਕੇ ਬਹਿ ਗਈ ।

ਨਸ਼ੇ ਖਾਈ ਜਾਂਦੇ,ਬੁੱਧੀ ਗਵਾਈ ਜਾਂਦੇ ,
ਫਿਰ ਤਕਰਾਰਾਂ ਵਿੱਚ ਫਸੀ ਜਾਂਦੇ,
ਉਹ ਜਿੱਤਦੇ ਨਹੀਂ ਕਦੇ ਮੈਦਾਨ ,
ਜਿਹੜੇ ਨਸ਼ਿਆਂ ਦੇ ਵਿੱਚ ਗ਼ਲਤਾਨ।

ਧੰਨ ਬਾਰਬਾਦ ਜੋ ਕਰੀ ਜਾਂਦੇ ,
ਨਸ਼ਿਆਂ ਦੇ ਵਹਿਣ ਵਿੱਚ ਹੜ੍ਹੀ ਜਾਂਦੇ
ਇਸ ਅਨਮੋਲ ਜ਼ਿੰਦਗੀ ਨੂੰ ,
ਮੌਤ ਦੇ ਮੂੰਹ ਵਿੱਚ ਖੜ੍ਹੀ ਜਾਂਦੇ ॥

ਦੇਸ਼ ਮੇਰੇ ਦੇ ਭਲਿਉ ਲੋਕੋ,
ਨਸ਼ਿਆਂ ਦੇ ਇਸ ਵਹਿਣ ਨੂੰ ਡੱਕੋ,
ਸਿਹਤ ਅਤੇ ਸਮਾਜ ਦੀ ਇਸ,
ਦੁਰਗਮ ਸਮੱਸਿਆ ਨੂੰ ਰੋਕੋ ॥




## ਰਹਿਣ ਦਿਆਂ

ਨਾ ਕਰਾਂ ਐਤਬਾਰ, ਰਹਿਣ ਦਿਆਂ
ਹੁਣ ਤੇਰਾ ਇੰਤਜ਼ਾਰ, ਰਹਿਣ ਦਿਆਂ
ਕਿਉਂ ਰਹਾਂ ਬੇਕਰਾਰ, ਰਹਿਣ ਦਿਆਂ
ਦੋਸਤੀ, ਪਿਆਰ, ਵਿਆਰ ਰਹਿਣ ਦਿਆਂ

ਨਾ ਕਿਸੇ ਦਾ ਉਧਾਰ, ਰਹਿਣ ਦਿਆਂ
ਸਾਫ਼ ਸੁਥਰਾ ਵਿਹਾਰ, ਰਹਿਣ ਦਿਆਂ
ਉਸ ਦੀਆਂ ਖੂਬੀਆਂ ਭੁਲਾਂਵਾਂ ਨਾ
ਖ਼ਾਮੀਆਂ ਦਾ ਸ਼ੁਮਾਰ, ਰਹਿਣ ਦਿਆਂ

ਇਸ਼ਕ ਦਾ ਭੂਤ ਲਾਹ ਦਿਆਂ ਸਿਰ ਤੋਂ
ਹਲਕਾ ਹਲਕਾ ਬੁਖ਼ਾਰ, ਰਹਿਣ ਦਿਆਂ
ਮੈਂ ਸ਼ੁਰੂਆਤ ਆਪਣੇ ਤੋਂ ਕਰਾਂ
ਦੂਜਿਆਂ ਦਾ ਸੁਧਾਰ, ਰਹਿਣ ਦਿਆਂ

ਆਪਣੇ ਹੋਮੈਂ ਦੀ ਕਰ ਦਿਆਂ ਛੁੱਟੀ
ਐਵੇਂ ਝੂਠਾ ਵਕਾਰ, ਰਹਿਣ ਦਿਆਂ
ਜਦ ਕੋਈ ਸੁਣਨ ਨੂੰ ਤਿਆਰ ਨਹੀਂ
ਕਿਓਂ ਕਰਾਂ ਮੈਂ ਪੁਕਾਰ, ਰਹਿਣਦਿਆਂ

ਹੋਰ ਪੱਲੇ ਨ ਕੁੱਝ ਰਹੇ ਭਾਵੇਂ
ਆਪਣਾ ਐਤਬਾਰ, ਰਹਿਣ ਦਿਆਂ
ਹੋਣ ਦੇਵਾਂ ਨਾ ਗਮ ਨੂੰ ਦਿਲ ਤੇ ਸਵਾਰ
ਦਿਲ ਨੂੰ ਗਮ ਤੇ ਸਵਾਰ, ਰਹਿਣ ਦਿਆਂ

ਮੰਨਿਆਂ ਹੁਸਨ ਦੀ ਹੈ ਸਰਦਾਰੀ
ਇਸ਼ਕ ਦਾ ਵੀ ਵਕਾਰ, ਰਹਿਣ ਦਿਆਂ
ਨਾ ਕਿਸੇ ਤੋਂ ਉਧਾਰ ਮੰਗਾਂ ਮੈਂ
ਨਾ ਕਿਸੇ ਦਾ ਉਧਾਰ, ਰਹਿਣ ਦਿਆਂ

ਜੋ ਕਹੇ ਕੋਈ ਸੁਣ ਲਵਾਂ ਚੁੱਪਚਾਪ
ਹੁਣ ਮੈਂ ਆਪਣੇ ਵਿਚਾਰ, ਰਹਿਣ ਦਿਆਂ
ਨਾ ਕਰਾਂ ਤੇਰੇ ਤੇ ਗਿਲਾ "ਦਰਸ਼ੀ"
ਹੋਣ ਸ਼ਿਕਵੇ ਹਜ਼ਾਰ, ਰਹਿਣ ਦਿਆਂ




## ਕਵਿਤਾ ਦੀ ਗੱਲਬਾਤ

ਮੈਨੂੰ ਕਵਿਤਾ ਲਿਖਣੀ ਨਹੀਂ ਆਉਂਦੀ,
ਪਰ ਕਵਿਤਾ ਨਾਲ ਗੱਲ ਕਰਨੀ ਆਉਂਦੀ ਹੈ।
ਜਦੋਂ ਸ਼ਬਦ ਮੇਰਾ ਸਾਥ ਛੱਡ ਜਾਂਦੇ ਹਨ,
ਉਹ ਮੇਰੇ ਚੁੱਪ ਦੇ ਅਰਥ ਸਮਝ ਲੈਂਦੀ ਹੈ।
ਮੇਰੀ ਕਵਿਤਾ ਮੈਨੂੰ ਜਾਣਦੀ ਹੈ,
ਮੇਰੇ ਰੂਹ ਦੇ ਜਜ਼ਬਾਤਾਂ ਨੂੰ ਪਛਾਣਦੀ ਹੈ,
ਮੇਰੀਆਂ ਅੱਖਾਂ ਦੇ ਅਟਕਦੇ ਹੰਝੂਆਂ ਨੂੰ
ਆਪਣੀਆਂ ਪੰਕਤੀਆਂ ਵਿੱਚ ਸਾਂਭ ਲੈਂਦੀ ਹੈ।
ਮੈਂ ਉਥੇ ਕਿਤੇ ਉਸਨੂੰ ਲੱਭਦਾ ਹਾਂ,
ਉਹ ਇੱਥੇ ਕਿਤੇ ਮੇਰੀ ਉਡੀਕ ਕਰਦੀ ਹੈ।
ਫ਼ਾਸਲੇ ਭਾਵੇਂ ਬੇਅੰਤ ਹੋਣ,
ਯਾਦਾਂ ਦੀ ਡੋਰ ਫਿਰ ਵੀ ਜੁੜੀ ਰਹਿੰਦੀ ਹੈ।
ਉਹਦੀ ਯਾਦ ਬਹੁਤ ਆਉਂਦੀ ਹੈ?
ਹਵਾ ਦੇ ਬੁੱਕੇ ਵਾਂਗ,
ਚਾਨਣ ਦੀ ਕਿਰਨ ਵਾਂਗ,
ਕਦੇ ਦੁਆ ਬਣ ਕੇ,
ਕਦੇ ਇੱਕ ਮਿੱਠੀ ਪੀੜ ਬਣ ਕੇ।
ਸ਼ਾਇਦ ਕਵਿਤਾ ਇਹੀ ਹੁੰਦੀ ਹੈ?

ਕਿਸੇ ਨੂੰ ਪਾਉਣਾ ਨਹੀਂ,
ਸਗੋਂ ਉਸਦੀ ਹੋਂਦ ਨੂੰ
ਆਪਣੇ ਅੰਦਰ ਮਹਿਸੂਸ ਕਰਨਾ ਹੈ।
ਅਤੇ ਜਦੋਂ ਮਨੁੱਖ
ਆਪਣੇ ਦਿਲ ਦੀ ਸੱਚਾਈ ਨਾਲ ਜੀਉਂਦਾ ਹੈ,
ਉਸਦਾ ਹਰ ਸਾਹ,
ਹਰ ਯਾਦ,
ਹਰ ਅਹਿਸਾਸ
ਇੱਕ ਕਵਿਤਾ ਬਣ ਜਾਂਦਾ ਹੈ।
ਕਿਉਂਕਿ ਕਵਿਤਾ ਕਾਗਜ਼ਾਂ 'ਤੇ ਨਹੀਂ ਜਨਮਦੀ,
ਉਹ ਰੂਹ ਵਿੱਚ ਜਨਮਦੀ ਹੈ,
ਅਤੇ ਰੂਹ ਤੋਂ ਨਿਕਲ ਕੇ
ਇਨਸਾਨੀਅਤ ਦੇ ਦਿਲਾਂ ਤੱਕ ਪਹੁੰਚਦੀ ਹੈ।








ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212





# ਅਦਬੀ ਵਿਰਾਸਤ



ਅੰਕ 05 , 22 ਤੋਂ 28 ਜੂਨ 2026 , ਵੱਲੋਂ:- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ ( ਓਵਰਸੀਜ਼ ਦਫ਼ਤਰ ਕੈਲਗਿਰੀ,ਕਨੇਡਾ)

## ਗੱਲ ਹੈ

ਵਿਛੜਿਆਂ ਜ਼ਮਾਨੇ ਬੀਤ ਗਏ
ਲੱਗਦੈ ਜਿਉਂ ਕੱਲ ਦੀ ਗੱਲ ਹੈ
ਪੇਚੀਦਾ ਬੇਸ਼ਕ ਮਸਲਾ ਬਹੁਤਾ
ਲੱਗਦੈ ਜਿਉਂ ਹੱਲ ਦੀ ਗੱਲ ਹੈ

ਕੱਚਾ ਆਖਦੈ ਮੂੰਹ ਤੂੰ ਫੇਰਿਆ
ਪੱਕਾ ਆਖੇ ਕੱਚਿਆ ਡੇਰਿਆ
ਨਾ ਤੂਫਾਨ ਨਾ ਨ੍ਹੇਰੀ ਤੇ ਵਰਖਾ
ਲੱਗਦੈ ਜਿਉਂ ਛੱਲ ਦੀ ਗੱਲ ਹੈ

ਗੱਲ ਮੇਰੀ ਨੂੰ ਗੱਲ ਨਾ ਆਵੇ
ਗੱਲ ਢੇਰੀ ਨੂੰ ਗੱਲ ਹੀ ਖਾਵੇ
ਸਿਰ ਨਾ ਕਿਧਰੇ ਪੈਰ ਦਿਸੇਂਦੇ
ਖੌਰੇ ਕਿਹੜੀ ਗੱਲ ਦੀ ਗੱਲ ਹੈ

ਸਾਹ ਭਾਰੇ ਮੇਰੇ ਨਜ਼ਰ ਵਲੇਵੇਂ
ਰਾਹ ਖਾਰੇ ਤੇਰੇ ਗਜ਼ਰ ਵਲੇਵੇਂ
ਚੰਦਨਾਂ ਧੂਣੀ ਦਿਸਦੀ ਨਾਹੀਂ
ਖੌਰੇ ਕਿਹੜੀ ਖੱਲ ਦੀ ਗੱਲ ਹੈ




## ਬੀਤੇ ਵੇਲੇ ਦੀਆਂ ਯਾਦਾਂ

ਇੱਕ ਦਿਨ ਮੈਂ ਤੇ ਬਾਪੂ ਮੇਰਾ
ਕਰਨ ਸੈਰ ਸੀ ਚੱਲੇ।
ਰਸਤੇ ਦੇ ਵਿੱਚ ਮੀਂਹ ਆ ਗਿਆ,
ਰੁਕੇ ਬ੍ਰਿਛ ਦੇ ਥੱਲੇ।

ਸਿਰ ਤੇ ਟੋਪੀ, ਹਰੇ ਰੰਗ ਦੀ
ਐਨਕ ਮੇਰੇ ਲਾਈ।
ਹਰ ਪਾਸੇ ਹਰੇ ਬਾਈ ਸੀ
ਦਿੰਦੀ ਮੈਨੂੰ ਦਿਖਾਈ।

ਨਿੱਕੀਆਂ ਨਿੱਕੀਆਂ ਗੱਲਾਂ ਬਾਪੂ
ਨਾਲ ਮੇਰੇ ਸੀ ਕਰਦਾ।
ਬੜੀ ਦਿਲਚਸਪੀ ਦੇ ਨਾਲ,
ਮੈਂ ਸੀ ਹੁੰਘਾਰੇ ਭਰਦਾ।

ਉੱਪਰੋਂ ਡਿੱਗੀ ਜਾਣ ਸਾਡੇ 'ਤੇ
ਟਾਹਣੀਆਂ ਨਾਲੇ ਪੱਤੇ।
ਦਰੱਖਤ ਦੇ ਉੱਤੇ ਸੀ ਬਾਂਦਰ ਬੈਠਾ
ਇੱਧਰ ਉੱਧਰ ਨੱਸੇ।

ਉੱਪਰ ਨੂੰ ਬਾਪੂ ਨੇ ਨ੍ਹਿਗਾ ਸੀ ਮਾਰੀ
ਆਖੇ ਇੱਥੋਂ ਤੁਰ ਚੱਲੀਏ।
ਬੇਟਾ ਇੱਥੇ ਖ਼ਤਰਾ ਜਾਪੇ ਰਸਤਾ
ਆਪਣਾ ਮੱਲੀਏ।

ਇੰਨੇ ਚਿਰ ਨੂੰ ਬਾਂਦਰ ਨੇ
ਝਪਟ ਇੱਕ ਸੀ ਮਾਰੀ।
ਐਨਕ ਟੋਪੀ ਲਾਹ ਕੇ ਲੈ ਗਿਆ
ਮਾਰ ਚਪੇੜ ਕਰਾਰੀ।

ਉੱਪਰ ਥੱਲੇ ਝਾਕੀਏ ਦੋਵੇਂ ,
ਭਾਣਾ ਇਹ ਕੀ ਹੋਇਆ।
ਸੈਰ ਛੂਰ ਤਾਂ ਕਿਧਰੇ ਭੁੱਲੀ
ਕਰਤਾ ਸੀ ਅੱਧ ਮੋਇਆ।

ਝੱਗੇ ਝਾੜ ਕੇ ਮੈਂ ਤੇ ਬਾਪੂ
ਤੁਰ ਪਏ ਘਰ ਦੇ ਵੱਲੇ।
'ਪੱਤੋ' ਨੇ ਉਹ ਗੱਲਾਂ ਅੱਜ ਵੀ,
ਬੰਨ ਰੱਖੀਆਂ ਵਿੱਚ ਪੱਲੇ।




## ਹੇਰਾਫੇਰੀ

ਥੋੜੀਆਂ ਵਧੇਰੀਆਂ ਨੇਂ, ਸਭੇ ਹੇਰਾਫੇਰੀਆਂ ਨੇਂ,
ਹੱਕਾਂ ਦੀਆਂ ਫਾਈਲਾਂ ਵਿੱਚ ਕੈਦ ਜੋ ਢੇਰੀਆਂ ਨੇਂ।

ਨੀਵੀਆਂ ਉਚੇਰੀਆਂ ਨੇਂ, ਸਭੇ ਹੇਰਾਫੇਰੀਆਂ ਨੇਂ,
ਤਾਜ ਜਿਨ੍ਹਾਂ ਦੇ ਸਿਰ ਉੱਤੇ, ਓਹਨਾਂ ਦੀਆਂ ਫੇਰੀਆਂ ਨੇਂ।

ਕਾਲਕਾਂ ਨੂੰ ਧੋਂਦੇ ਨੇਂ ਚਾਨਣਾਂ ਦੇ ਨਾਂ ਹੇਠਾਂ,
ਰਾਤਾਂ ਫਿਰ ਵੀ ਲੋਕਾਂ ਲਈ ਕਿੰਨੀਆਂ ਅਨ੍ਹੇਰੀਆਂ ਨੇਂ।

ਗਿੱਦੜ ਰਾਜ ਕਰਦੇ ਨੇਂ, ਸ਼ੇਰਾਂ ਨੂੰ ਚੁੱਪ ਕਰਵਾਉਂਦੇ,
ਵੇਖੋ ਕਿਵੇਂ ਡਰ ਦੀਆਂ ਕੰਧਾਂ ਚਹੁੰ ਪਾਸੇ ਘੇਰੀਆਂ ਨੇਂ।

ਪਰ ਬਾਗੀ ਸਿਰ ਝੁਕਾਉਂਦੇ ਨਹੀਂ ਜ਼ੁਲਮ ਦੇ ਅੱਗੇ,
ਸੀਨੇ ਅੰਦਰ ਅੱਗਾਂ ਹਾਲੇ ਓਹੀ ਸੁਨੇਹਰੀਆਂ ਨੇਂ।




## ਗੈਰ ਸੀ ਤੂੰ

ਮੰਜ਼ਿਲ ਸਮਝਿਆ ਸੀ ਤੈਨੂੰ ਤੂੰ ਸਰਾਂ ਹੀ ਨਿਕਲਿਆ
ਤੇਰੇ ਵਾਂਗੂੰ ਬੇਗਾਨਾ ਤੇਰਾ ਸ਼ਹਿਰ ਗਰਾਂ ਵੀ ਨਿਕਲਿਆ

ਮੈਂ ਕਰ ਕਰ ਉੱਚੀਆਂ ਬਾਹਾਂ ਤੇਰੇ ਲਈ ਦੁਆਵਾਂ ਸੀ ਮੰਗੀਆਂ
ਜਦ ਮੇਰਾ ਘਰ ਸੜਿਆ ਤੂੰ ਪਰਾਂ ਦੀ ਸੀ ਨਿਕਲਿਆ

ਮੈਨੂੰ ਆਪਣਾ ਬਣਾ ਕੇ ਤੂੰ ਮੇਰਾ ਨਾ ਹੋਇਆ
ਗੈਰ ਸੀ ਤੂੰ ਗੈਰਾਂ ਦੀ ਤਰ੍ਹਾਂ ਹੀ ਨਿਕਲਿਆ

ਮੌਨ ਹੋ ਕੇ ਸਭ ਕੁੱਝ ਜਰ ਲਿਆ ਮੈਂ
ਮੂੰਹ ਚੋਂ ਸੀ 'ਨਵ' ਜਰਾਂ ਵੀ ਨਾ ਨਿਕਲਿਆ




## ਸਾਈਕਲ

ਨਾ ਸ਼ੀਸ਼ਾ,ਨਾ ਕੋਈ ਬਾਰੀ,
ਸਾਈਕਲ ਇੱਕ ਉੱਤਮ ਸਵਾਰੀ,
ਵਿਦਿਆਰਥੀ ਦਾ ਸੰਗੀ ਬਣਦਾ,
ਮਾਰੇ ਪੈਡਲ ਰਿੜ੍ਹਦਾ ਜਾਂਦਾ ॥

ਨਾ ਕੋਈ ਈਂਧਨ ਹੈ ਖਾਂਦਾ,
ਨਾ ਪ੍ਰਦੂਸ਼ਣ,ਨਾ ਧੂੰਆਂ ਕਰਦਾ,
ਵਾਤਾਵਰਨ ਦੀ ਸ਼ਾਨ ਹੈ ਬਣਦਾ,
ਕੁਦਰਤ ਨਾਲ ਗੱਲਾਂ ਹੈ ਕਰਦਾ ।

ਸੇਹਤ ਦੀ ਕਸਰਤ ਕਰਵਾਵੇ,
ਤਨ ਨੂੰ ਗਤੀਸ਼ੀਲ ਬਣਾਵੇ,
ਅੱਕਿਆ ਮਨ ਤਾਜ਼ਾ ਹੋ ਜਾਵੇ,
ਦਿਲ ਵਿੱਚ ਖੇੜਾ ਲੈ ਆਵੇ ॥

ਬੰਦਾ ਸਾਈਕਲ ਨੂੰ ਚਲਾਵੇ,
ਅੰਗ-ਅੰਗ ਹਰਕਤ ਵਿੱਚ ਆਵੇ,
ਖਾਧਾ-ਪੀਤਾ ਪਚ ਜਾਵੇ ,
ਮੋਟੇ ਤੋਂ ਪਤਲਾ ਹੋ ਜਾਵੇ ॥

ਸਾਈਕਲ ਚਲਾਈਏ ਹਰ ਰੋਜ ,
ਜੋ ਤਨ-ਮਨ ਰੱਖੇ ਨੀਰੋਗ,
ਖੂੰਨ ਦਾ ਦੌਰਾ ਠੀਕ ਰਹੇ ,
ਲੱਗੇ ਨਾ ਕੋਈ ਰੋਗ ॥

ਇਹ ਹੈ ਹਲਕੀ ਤੇ ਸਸਤੀ,
ਹਰ ਕੋਈ ਖਰੀਦ ਸਕਦਾ ,
ਚਿੱਕੜ ਹੋਏ ,ਟੋਆ ਹੋਏ,
ਜਸਵਿੰਦਰ ਚੁੱਕ ਕੇ ਲੰਘ ਸਕਦਾ।




## ਗ਼ਜ਼ਲ

ਕਿਓਂ ਪੁਰਾਣੇ ਪੱਤੇ ਝੱੜ ਜਾਂਦੇ |
ਨਵੇਂ ਪੱਤੇ ਪੁੰਗਰਦੇ ਕਿਓਂ ਨੇ ||
ਕਿਉਂ ਝੁੰਡਾਂ ਵਿੱਚ ਪੰਛੀ ਰਹਿੰਦੇ ||
ਵਣ ਤ੍ਰਿਣ 'ਕੱਠੇ ਫਬਦੇ ਕਿਓਂ ਨੇ ||
ਕਿਓਂ ਮਾਰੂਥਲ ਤਪਦੇ ਰਹਿੰਦੇ |
ਪਹਾੜ ਸਦਾ ਹੀ ਠਰਦੇ ਕਿਓਂ ਨੇ ||
ਕਿਓਂ ਪੱਥਰ ਪਾਣੀ ਵਿੱਚ ਨ ਖਰਦੇ |
ਬੰਨ ਰੇਤੇ ਦੇ ਖਰਦੇ ਕਿਓਂ ਨੇ ||
ਕਿਓਂ ਆਫਰਿਆਂ ਨੂੰ ਡਰ ਨ ਕੋਈ |
ਊਣੇ ਹਰ ਦਮ ਡਰਦੇ ਕਿਓਂ ਨੇ ||
ਕਿਓਂ ਹੱਕ ਪਰਾਇਆ ਹੈ ਫਲਦਾ |
ਘੜੇ ਸੱਚ ਦੇ ਝਰਦੇ ਕਿਓਂ ਨੇ ||
ਕਿਓਂ ਹੱਥੀਂ ਘੜਕੇ ਬੁੱਤ ਪੂਜੋਂ |
ਫਿਰ ਕਹੋਂ ਬੁੱਤ ਰੁੱਸਦੇ ਕਿਓਂ ਨੇ ||
ਕਿਓਂ ਪਹਿਲੀ ਉਮਰੇ ਫੱਟ ਲੱਗੇ |
ਮਲ੍ਹਮ ਲਾਇਆਂ ਰਿਸਦੇ ਕਿਓਂ ਨੇ ||
ਕਿਓਂ ਚਾਨਣ ਵੰਡਦਾ ਹੈ ਔਲਖ |
ਹਨੇਰੇ ਉਸ 'ਤੇ ਸੜਦੇ ਕਿਓਂ ਨੇ ||




## ਦੁਨੀਆਂ ਦੇ ਡਰਾਉਣੇ ਰਾਹ

ਦੁਨੀਆ ਦੇ ਡਰਾਉਣੇ ਰਾਹ ਦੇਖੇ ,
ਹਰ ਰਾਹ ਵਿੱਚ ਖਿਲਰੇ ਫਾਹ ਦੇਖੇ।
ਜੋ ਹੱਕ ਪਰਾਇਆ ਖਾਂਦੇ ਨੇ,
ਉਹੀ ਬਣੇ ਹੋਏ ਸ਼ਹਿਨਸ਼ਾਹ ਦੇਖੇ।
ਕਿੰਝ ਢੇਰ ਲਗਾਉਣੇ ਮਾਇਆ ਦੇ,
ਭੱਜੇ ਫਿਰਦੇ ਸਾਹੋ-ਸਾਹ ਦੇਖੇ।
ਹਰ ਪਾਸੇ ਚੱਲਦੀ ਚੋਰਾਂ ਦੀ,
ਹਰ ਪਾਸੇ ਖੜ੍ਹੇ ਗਵਾਹ ਦੇਖੇ ।
ਨਹੀਂ ਕਰਦੇ ਤਰਸ ਗਰੀਬਾਂ ਤੇ,
ਲੋਕ ਕਰਦੇ ਤਰਾਹ ਤਰਾਹ ਦੇਖੇ
ਲੈ ਵਿੱਚ ਭਰੋਸੇ ਲੁੱਟ ਲੈਂਦੇ
ਨਹੀਂ ਮੁੜ ਕੇ ਦਿੰਦੇ ਡਾਹ ਦੇਖੇ।
ਰੋਟੀ ਤੋਂ ਆਤੁਰ ਕਰ ਦਿੰਦੇ,
ਅੱਗ ਲਾ ਕੇ ਕਰਨ ਤਬਾਹ ਦੇਖੇ।
ਐ ਮੌਲਾ ਤੇਰੀ ਦੁਨੀਆ ਦੇ ,
ਰਾਹਾਂ ਨਾਲ ਪੈਂਦੇ ਵਾਹ ਦੇਖੇ।
ਜੱਗ ਮੰਡੀ ਚੋਰ ਬਾਜ਼ਾਰਾਂ ਦੀ ,
ਭਲਿਆਂ ਦਾ ਕਰਦੇ ਗਾਹ ਦੇਖੇ।
ਰੱਜ ਰੱਜ ਕੇ ਜ਼ਿੰਦਗੀ ਜੀਵਨ ਦੇ,
ਸਹਿਜ ਕਰਦੇ ਖਾਹ ਤਬਾਹ ਦੇਖੇ।




## ਗ਼ਜ਼ਲ

ਮੁੱਲ ਆਪਣੀ ਜਿੰਦਗੀ ਦਾ ਪਛਾਣ ਲੈ 'ਅਮਰ',
ਇਨਸਾਨੀਅਤ ਨੂੰ ਸੀਨੇ ਵਿੱਚ ਵਸਾ ਲੈ 'ਅਮਰ'।

ਤਲਖ਼ੀਆਂ ਰੰਗੀਨੀਆਂ ਦਾ ਦੌਰ ਚੱਲ ਰਿਹਾ ,
ਤਲਖ਼ੀਆਂ ਵਿੱਚ ਵੀ ਚਿਰਾਗ਼ ਤੂੰ ਜਗਾ ਲੈ 'ਅਮਰ'।

ਰਹਿਬਰ ਜੋ ਬਣਦੇ ਨੇ ਕੌਮਾਂ ਦੇ ਵਾਸਤੇ,
ਦਿਲ ਵਿੱਚ ਆਪਣੇ ਉਹਨਾਂ ਨੂੰ ਸਮਾ ਲੈ 'ਅਮਰ'।

ਹਨੇਰਿਆਂ ਵਿੱਚ ਭਟਕਦੀ ਸੋਚ ਦੇ ਵਾਸਤੇ,
ਕਿਰਨ ਇਕ ਉਮੀਦ ਦੀ ਤੂੰ ਜਗਾ ਲੈ 'ਅਮਰ'।

ਮਿੱਟ ਜਾਣ ਦੂਰੀਆਂ ਤੇ ਨਫ਼ਰਤਾਂ ਦੇ ਫ਼ਾਸਲੇ,
ਸਬਕ ਮੁਹੱਬਤ ਦਾ ਸਾਰਿਆਂ ਨੂੰ ਪੜ੍ਹਾ ਲੈ 'ਅਮਰ'।

ਬੇਗਾਨੇ ਦਰਦ ਦੀ ਵੀ ਮਹਿਸੂਸ ਕਰ ਪੀੜ,
ਮਨੁੱਖੀ ਜਜ਼ਬੇ ਨਾਲ ਜ਼ਿੰਦਗੀ ਟਪਾ ਲੈ 'ਅਮਰ'।

ਹਰ ਕਦਮ ਪਿਆਰ ਦੀ ਖੁਸ਼ਬੂ ਬਖੇਰ ਦੇ ,
ਗ਼ਰੀਬ ਦੇ ਹੰਝੂਆਂ ਨੂੰ ਗਲੇ ਲਗਾ ਲੈ 'ਅਮਰ'।




## ਡਾਕਟਰ ਮਹਿੰਦਰ ਸਿੰਘ ਰੰਧਾਵਾ



ਚੜ੍ਹਦੇ ਪੰਜਾਬ ਦਾ God ਫ਼ਾਦਰ ਓਹ
ਨਹੀਂ ਅਸੀਂ ਦਿੱਤਾ ਬਣਦਾ ਆਦਰ ਜੋ
ਬੋਦਲ ਪਿੰਡ ਦੀ ਮਹਾਨ ਸ਼ਖ਼ਸੀਅਤ
ਹੈ ਦੁਨੀਆਂ ਵਿੱਚ ਜਿਹਦਾ ਦਾਅਵਾ
ਮਹਾਨ ਸਹਿਤਕਾਰ, ਮਹਾਨ ਵਿਦਵਾਨ
ਡਾਕਟਰ ਮਹਿੰਦਰ ਸਿੰਘ ਰੰਧਾਵਾ
ਡਾਕਟਰ ਮਹਿੰਦਰ ਸਿੰਘ ਰੰਧਾਵਾ

ਆਪ ਬੀਤੀ ਤੁਸੀਂ ਪੁਸਤਕ ਪੜ੍ਹ ਲਓ
ਗਿਆਨ ਦੀ ਪੌੜੀ ਨਾਲ ਵੀ ਚੜ੍ਹ ਲਓ
ਪਾਲਮਵਾਦੀ ਪੜ੍ਹੋ ਲੇਖ ਜੋ
ਪੱਤੇ ਪੱਤੇ ਗੋਬਿੰਦ ਬੈਠਾ ਪੜ੍ਹ ਲਓ
ਹਰ ਵਾਰੀ ਪੜ੍ਹ ਮੂੰਹੋਂ ਨਿਕਲੇ ਸ਼ਾਵਾ ਪਈ ਸ਼ਾਵਾ
ਮਹਾਨ ਸਹਿਤਕਾਰ, ਮਹਾਨ ਵਿਦਵਾਨ
ਡਾਕਟਰ ਮਹਿੰਦਰ ਸਿੰਘ ਰੰਧਾਵਾ
ਡਾਕਟਰ ਮਹਿੰਦਰ ਸਿੰਘ ਰੰਧਾਵਾ

ਕਾਗੜੇ ਦੀਆਂ ਓਹ ਕਲਾ ਕ੍ਰਿਤੀਆਂ
ਚੰਬੇ ਦੀਆਂ ਓਹ ਸਾਂਭ ਜੋ ਦਿੱਤੀਆਂ
ਓਹ ਚਿੱਤਰ ਓਹ ਪੇਂਟਿੰਗ ਅਨਮੋਲ ਨੇ
ਰਹਿ ਜਾਣੀਆਂ ਸਨ ਮਿੱਟ ਵਾ ਮਿੱਟੀਆਂ
ਵੰਡ ਤੋਂ ਬਾਅਦ ਪੰਜਾਬ ਵਸਾਇਆ
ਓਹੋ ਕੰਮ ਸੀ ਵਾਹ ਵਾਹ
ਮਹਾਨ ਸਹਿਤਕਾਰ, ਮਹਾਨ ਵਿਦਵਾਨ
ਡਾਕਟਰ ਮਹਿੰਦਰ ਸਿੰਘ ਰੰਧਾਵਾ
ਡਾਕਟਰ ਮਹਿੰਦਰ ਸਿੰਘ ਰੰਧਾਵਾ

ਪਹਿਲੇ ਇੰਡੀਅਨ Civil Service ਜੋ
IPs ਕਹਿੰਦੇ ਅੱਜਕੱਲ੍ਹ service ਜੋ
ਅਜ਼ਾਦ ਭਾਰਤ ਦਾ ਮਹਾਨ ਜੋ ਹੀਰਾ
ਭੁਲਾਣਾ ਨਾ ਕਦੇ ਵੀ ਹਰਗਿਜ਼ ਜੋ
ਚੰਡੀਗੜ੍ਹ ਜੋ ਹਰਿਆ ਭਰਿਆ
ਰੰਧਾਵਾ ਸਾਹਿਬ ਨਾਂ ਵਾ
ਮਹਾਨ ਸਹਿਤਕਾਰ, ਮਹਾਨ ਵਿਦਵਾਨ
ਡਾਕਟਰ ਮਹਿੰਦਰ ਸਿੰਘ ਰੰਧਾਵਾ
ਡਾਕਟਰ ਮਹਿੰਦਰ ਸਿੰਘ ਰੰਧਾਵਾ

ਚੰਡੀਗੜ੍ਹ ਵਿਖੇ ਸਾਹਿਤਕਾਰ ਵਸਾਏ
ਸ਼ਿਵ ਕੁਮਾਰ ਬਟਾਲਵੀ ਸੀ ਸੋਹਲੇ ਗਾਏ
ਗੁਲਜ਼ਾਰ ਸਿੰਘ ਸੰਧੂ ਕਹਿਣ ਛੇਵਾਂ ਦਰਿਆ
ਜਿਹਨੂੰ
ਰੋਜ਼ ਗਾਰਡਨ ਚੰਡੀਗੜ੍ਹ ਵਿਖੇ ਲਹਿਰਾਏ
ਮਨੁੱਖਤਾ ਦਾ ਉਹਨਾਂ ਭਲਾ ਹੈ ਕੀਤਾ
ਜਿੱਧਰੋਂ ਵੀ ਮਿਲਿਆ ਬੁਲਾਵਾ
ਮਹਾਨ ਸਹਿਤਕਾਰ, ਮਹਾਨ ਵਿਦਵਾਨ
ਡਾਕਟਰ ਮਹਿੰਦਰ ਸਿੰਘ ਰੰਧਾਵਾ
ਡਾਕਟਰ ਮਹਿੰਦਰ ਸਿੰਘ ਰੰਧਾਵਾ

ਬੋਦਲਾਂ ਦੇ ਸੁੱਖਵਿੰਦਰ ਨੂੰ ਮਾਣ ਹੈ
ਪਿੰਡ ਦੀਆਂ ਸ਼ਖ਼ਸੀਅਤਾਂ ਪਿੰਡ ਦੀ ਸ਼ਾਨ ਹੈ
ਛੇਵੇਂ ਗੁਰੂ ਦੀਆਂ ਅਪਾਰ ਬਖਸ਼ਿਸ਼ਾਂ
ਚਰਨ ਸਿੰਘ ਸਫ਼ਰੀ ਸ਼ਾਇਰ ਮਹਾਨ ਹੈ
ਸੰਗੀਤਕ ਘਰਾਣਾ ਅਜ਼ਾਦੀ ਘੁਲਾਟੀਏ
ਇਤਿਹਾਸ ਦੇ ਮੰਜੇ ਦਾ ਪਾਵਾ
ਮਹਾਨ ਸਹਿਤਕਾਰ, ਮਹਾਨ ਵਿਦਵਾਨ
ਡਾਕਟਰ ਮਹਿੰਦਰ ਸਿੰਘ ਰੰਧਾਵਾ
ਡਾਕਟਰ ਮਹਿੰਦਰ ਸਿੰਘ ਰੰਧਾਵਾ







ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212



# ਅਦਬੀ ਵਿਰਾਸਤ

ਅੰਕ 05 , 22 ਤੋਂ 28 ਜੂਨ 2026 , ਵੱਲੋਂ:- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ ( ਓਵਰਸੀਜ਼ ਦਫ਼ਤਰ ਕੈਲਗਿਰੀ,ਕਨੇਡਾ)

## ਖੜ੍ਹੀਆਂ ਖ਼ਾਹਸ਼ਾਂ

ਖੜ੍ਹੀਆਂ ਘਰ ਦੋ ਗੱਡੀਆਂ, ਸੱਤ ਕਿਸ਼ਤਾਂ ਖੜ੍ਹੀਆਂ।

ਪੜ੍ਹੀਆਂ ਸੋਲ਼ਾਂ ਕੰਮ ਕੀ,ਜਦ ਰਿਜ਼ਕ ਨਾ ਪੜ੍ਹੀਆਂ।

ਚੜ੍ਹੀਆਂ ਅੰਬਰ ਕੀਮਤਾਂ,ਚੁੰਗਾਂ ਹੱਟ ਨਾ ਚੜ੍ਹੀਆਂ।

ਮੜ੍ਹੀਆਂ ਸੋਨੇ ਵਿੱਚ ਜੋ, ਇਹ ਕਿਸ ਦੀਆਂ ਮੜ੍ਹੀਆਂ।

ਪੜ੍ਹੀਆਂ ਜਾਣ ਨਾ ਕਿਸਮਤਾਂ, ਲੱਖ ਧੀਆਂ ਪੜ੍ਹੀਆਂ।

ਖੜ੍ਹੀਆਂ ਵੇਖਣ ਸਖ਼ਤੀਆਂ,ਜੁੜ ਭੀੜਾਂ ਖੜ੍ਹੀਆਂ।

ਚੜ੍ਹੀਆਂ ਸਾਵਣ ਬਦਲੀਆਂ, ਸਭ ਨਦੀਆਂ ਚੜ੍ਹੀਆਂ।

ਰੜ੍ਹੀਆਂ ਨਾ ਦੋ ਗੁੱਲੀਆਂ,ਤਪ ਦੇਹਾਂ ਰੜ੍ਹੀਆਂ।

ਚੜ੍ਹੀਆਂ ਡੋਲੀ ਬੇਟੀਆਂ,ਜਦ ਉਮਰਾਂ ਚੜ੍ਹੀਆਂ।

ਫੜ੍ਹੀਆਂ ਆ ਕੇ ਪੁਲਸੀਆਂ,ਜਦ ਲਾਈਆਂ ਫੜ੍ਹੀਆਂ।

ਮੜ੍ਹੀਆਂ ਭਰਮਾਂ ਵਿੱਚ ਜੋ, ਉਹ ਪੂਜਣ ਮੜ੍ਹੀਆਂ।

ਖੜ੍ਹੀਆਂ ਖ਼ਾਹਸ਼ਾਂ ਹੰਭ ਕੇ,ਜਦ ਨਬਜ਼ਾਂ ਖੜ੍ਹੀਆਂ।




## ਗ਼ਜ਼ਲ

ਜਿਵੇਂ ਨਾ ਦੂਰ ਤੱਕ ਦਿਸਦੀ ਤਿਰੇ ਇਕਰਾਰ ਦੀ ਸੀਮਾ।
ਉਵੇਂ ਹੀ ਨਜ਼ਰ ਆਉਂਦੀ ਨਾ ਅਸਾਡੇ ਪਿਆਰ ਦੀ ਸੀਮਾ।।

ਉਹ ਵਾਅਦੇ ਇਸੇ ਲਈ ਕਰਦੀ ਕਿਉਂਕਿ ਨਹੀਂ ਵਫਾ ਕਰਨੇ,
ਕਿ ਯਾਰਾ! ਹੈ ਤੇਰੇ ਵਰਗੀ ਨਹੀਂ ਸਰਕਾਰ ਦੀ ਸੀਮਾ।।

ਉਪਜਦਾ ਬਿਨਸਦਾ ਰਹਿੰਦੈ ਇਹ ਹਰ ਪਲ ਬਦਲਦਾ ਰਹਿੰਦੈ,
ਕਦੇ ਵੀ ਤੈਅ ਨਹੀ ਹੁੰਦੀ ਹੈ ਕੀ ਸੰਸਾਰ ਦੀ ਸੀਮਾ।।

ਕਦੇ ਇਹ ਦੇਵਤਾ ਹੁੰਦੈ ਕਦੇ ਸ਼ੈਤਾਨ ਲੱਗਦਾ ਹੈ,
ਕਿ ਮੈਨੂੰ ਸਮਝ ਨਈ ਪੈਂਦੀ ਮੇਰੇ ਕਿਰਦਾਰ ਦੀ ਸੀਮਾ।।

ਬਿਸ਼ੱਕ ਦੀ ਜੂਨ ਇੱਕੋ ਹੈ ਦੋਵੇਂ ਇਨਸਾਨ ਹੁੰਦੇ ਨੇ
ਤਾਂ ਵੀ ਤੈਅਸ਼ੁਦਾ ਹੈ ਜਗਤ ਵਿਚ ਨਰ- ਨਾਰ ਦੀ ਸੀਮਾ।।

ਪਤੀ ਪਤਨੀ ਤੇ ਦੋ ਬੱਚੇ ਕਿ ਟੋਟਲ ਚਾਰ ਦੀ ਸੀਮਾ,
ਆਦਰਸ਼ਕ ਹੈ ਇਹੋ ਸੱਜਣਾ ਕਿ ਹੁਣ ਪਰਿਵਾਰ ਦੀ ਸੀਮਾ।।

ਇੱਜ਼ਤ ਜੇ ਕੋਈ ਬਖਸ਼ੇ ਤਾਂ ਹਾਸਲ ਕਰੋ ਹਲੀਮੀ ਨਾਲ,
ਕਿ ਹੁੰਦੀ ਹੈ ਸਦਾ ਜਗਦੀਸ਼! ਇੱਕ ਸਤਿਕਾਰ ਦੀ ਸੀਮਾ।।




## ਬਾਪ

ਮੂਹੋ ਕੱਢੀ ਗੱਲ ਪਗਾਉਣੀ.
ਖੁਸ਼ੀ ਉਧਾਰੀ ਮੰਗ ਲਿਆਉਣੀ.
ਖੀਸੇ ਜੇਬਾਂ ਤੰਗ ਨੇ ਭਾਵੇਂ,
ਪਰ ਇਹ ਇਹਸਾਸ ਹੋਣ ਨੀ ਦਿੰਦਾ!!
ਉਹ ਪਿਤਾ ਹੈ .........

ਆਪਣੇ ਬੱਚਿਆਂ ਦੀ ਉਹ ਖਾਤਿਰ.
ਟੁੱਟ ਟੁੱਟ ਮਰਦਾ. ਖ਼ਿਣ ਖਿਣ ਮਰਦਾ,
ਧੁੱਪਾਂ ਸਹਿੰਦਾ ਹਨੇਰੀਆਂ ਜਰਦਾ.
ਪਰ ਮੂੰਹੋ ਕਦੇ ਸੀ ਨਹੀਂ ਕਰਦਾ.
ਆਪਣੇ ਹੌਂਸਲਾ ਦਾ ਮਿਆਰ ਚੋਣ ਨੀ ਦਿੰਦਾ!!
ਉਹ ਬਾਪ ਹੈ.........

ਤਿਣਕਾ ਤਿਣਕਾ ਜੋੜ੍ਹਦਾ ਰਹਿੰਦਾ.
ਖੁਦ ਦੀ ਉਹ ਪ੍ਰਵਾਹ ਨੀ ਕਰਦਾ.
ਥੱਕਾ ਹਾਰਾ ਸ਼ਾਮ ਨੂੰ ਆਉਂਦਾ.
ਪਰ ਖਾਲੀ ਹੱਥ ਨਾ ਘਰੇ ਵੜ੍ਹਦਾ.
ਚੇਹਰੇ ਤੋਂ ਮੁਸਕਾਨ ਆਪਣੇਆ ਦੀ ਖੋਹਣ ਨੀ ਦਿੰਦਾ!!
ਉਹ ਪਿਤਾ ਹੈ ........

ਜੋੜ ਤੋੜ ਕਈ ਏਧਰੋਂ ਓਧਰੇ.
ਫੁਰਸਤ ਦੇ ਪੱਲ ਜਦ ਵੀ ਮਿਲਦੇ!
ਫਿਰ ਕਿੰਨੇ ਹੀ ਖ਼ਾਬ ਸਜਾਉਂਦਾ,
ਪਰ ਆਪਣੇ ਦੁੱਖ ਦਾ ਇਹਸਾਸ ਹੋਣ ਨੀ ਦਿੰਦਾ!!
ਉਹ ਬਾਪ ਹੈ.....

ਇਹੋ ਸਫ਼ਰ ਜੋ ਮੁੱਕਦਾ ਜਾਂਦਾ.
ਦਿਨੋਂ ਦਿਨ ਉਹ ਸੁਕਦਾ ਜਾਂਦਾ.
ਚਿੰਤਾ ਚਿਖਾ ਸਭ ਇੱਕ ਸਮਾਨ.
ਹਰ ਬਾਬਲ ਦੀ ਫਸੀ ਕਸੂਤੀ ਜਾਨ.
ਜਿਉਂਦੇ ਜੀ ਬੁਰੀ ਬਲਾਵਾ ਨੂੰ ਛੋਹਣ ਨੀਂ ਦਿੰਦਾਂ!!
ਉਹ ਪਿਤਾ ਹੈ .......

ਦਿਨ ਵਿੱਚ ਕਿੰਨੇ ਹਿਸਾਬ ਹੈ ਲਾਉਂਦਾ.
ਝੱਲ ਜਾਂਦਾ ਹੈ ਹਵੀਆਂ ਨਵੀਆਂ.
ਵਾਧੇ ਘਾਟੇ ਜਰ ਜਾਂਦਾ ਹੈ.
ਹਰ ਵੇਲੇ ਪਰਿਵਾਰ ਪਾਲਦਾ.
ਇੱਕ ਦਿਨ"ਕੇਸੋਪੁਰੀ" ਮਰ ਜਾਂਦਾ ਹੈ.
ਹੱਥੀਂ ਬੂਟੇ ਜਾਏ ਆਪਣੇ.
ਕਿਸੇ ਕੀਮਤ ਤੇ ਕਮਲਾਉਣ ਨੀ ਦਿੰਦਾ!!
ਉਹ ਬਾਪ ਹੈ ਤੇ ਬਾਪ ਕਦੇ, ਬੱਚਿਆਂ ਨੂੰ ਰੋਣ ਨੀਂ ਦਿੰਦਾਂ!!!




## ਆ ਜਾ ਮੇਰੇ ਪਰਦੇਸੀਆ

ਪ੍ਰਦੇਸ ਵਸੰਦਿਆ ਮਾਹੀਆ,
ਕਿਤੇ ਵਤਨੀਂ ਫੇਰਾ ਮਾਰ।
ਭੁੱਲ ਨਾ ਜਾਵੀਂ ਮੇਰਿਆ ਚੰਨਾਂ,
ਮੈਨੂੰ ਦੇਈਂ ਨਾ ਕਿਤੇ ਵਿਸਾਰ।
ਘਰ ਆਉਣ ਤੇਰੇ ਯਾਰ ਬਘੇਲੜੇ,
ਪੁੱਛਣ ਤੇਰੀ ਖ਼ਬਰ ਸਾਰ।
ਕਿੱਦਾਂ ਦਾ ਮਿਲਿਆ ਕੰਮ ਉੱਥੇ,
ਕਿੱਦਾਂ ਦਾ ਹੈ ਰੁਜ਼ਗਾਰ ?
ਤੇਰਾ ਵਿਛੋੜਾ ਚੁੱਭੇ ਮੈਨੂੰ ਹਾਣੀਆਂ,
ਰਾਤ ਦਿਨ, ਬਣ ਕੇ ਕੋਈ ਖ਼ਾਰ।
ਦਿਨ ਕੱਟ ਲਵਾਂ ਨਾਲ ਸਹੇਲੀਆਂ,
ਮੇਰੀਆਂ ਰਾਤਾਂ ਹੋਈਆਂ ਦੁਸ਼ਵਾਰ।
ਮੇਰੇ ਦਿਲ ਦਾ ਤੇਰੇ ਬਿਨ,
ਲੁੱਟਿਆ ਚੈਨ ਕਰਾਰ।
ਆ ਕੇ ਤੱਕ ਲਾ ਆਪਣੀ ਅੱਖੀਂ,
ਮੇਰੀ ਲੁੱਟੀ ਹੋਈ ਬਹਾਰ।
ਥੋੜ੍ਹੀ ਖਾਣੀ ਮੰਨਜ਼ੂਰ ਹੈ ਮੈਨੂੰ,
ਵੱਸ ਤੂੰ ਮੇਰੇ ਕੋਲ।
ਹੱਸਾਂ ਖੇਡਾਂ ਨਾਲ ਮੈਂ 'ਚੰਦੀ',
ਤੇ ਕਰਾਂ ਲੱਖ ਕਲੋਲ।




## ਗੱਲ ਹੈ

ਵਿਛੜਿਆਂ ਜ਼ਮਾਨੇ ਬੀਤ ਗਏ
ਲੱਗਦੈ ਜਿਉਂ ਕੱਲ ਦੀ ਗੱਲ ਹੈ
ਪੇਚੀਦਾ ਬੇਸ਼ਕ ਮਸਲਾ ਬਹੁਤਾ
ਲੱਗਦੈ ਜਿਉਂ ਹੱਲ ਦੀ ਗੱਲ ਹੈ

ਕੱਚਾ ਆਖਦੈ ਮੂੰਹ ਤੂੰ ਫੇਰਿਆ
ਪੱਕਾ ਆਖੇ ਕੱਚਿਆ ਡੇਰਿਆ
ਨਾ ਤੂਫਾਨ ਨਾ ਨ੍ਹੇਰੀ ਤੇ ਵਰਖਾ
ਲੱਗਦੈ ਜਿਉਂ ਛੱਲ ਦੀ ਗੱਲ ਹੈ

ਗੱਲ ਮੇਰੀ ਨੂੰ ਗੱਲ ਨਾ ਆਵੇ
ਗੱਲ ਢੇਰੀ ਨੂੰ ਗੱਲ ਹੀ ਖਾਵੇ
ਸਿਰ ਨਾ ਕਿਧਰੇ ਪੈਰ ਦਿਸੇਂਦੇ
ਖੌਰੇ ਕਿਹੜੀ ਗੱਲ ਦੀ ਗੱਲ ਹੈ

ਸਾਹ ਭਾਰੇ ਮੇਰੇ ਨਜ਼ਰ ਵਲੇਵੇਂ
ਰਾਹ ਖਾਰੇ ਤੇਰੇ ਗਜ਼ਰ ਵਲੇਵੇਂ
ਚੰਦਨਾਂ ਧੂਣੀ ਦਿਸਦੀ ਨਾਹੀਂ
ਖੌਰੇ ਕਿਹੜੀ ਖੱਲ ਦੀ ਗੱਲ ਹੈ




ਮੰਜ਼ਿਲ ਤੋਂ ਸੋਹਣਾ ਲੱਗਦਾ ਏ ਰਾਹਾਂ ਦਾ ਉਹ ਸਫ਼ਰ ਯਾਰਾ,
ਜਿੱਥੇ ਇਸ਼ਕ ਮੁਸਾਫ਼ਿਰ ਹੋਵੇ ਤੇ ਸਬਰ ਹੋਵੇ ਹਮਸਫ਼ਰ ਯਾਰਾ

ਵਕ਼ਤ ਦੇ ਦਰਿਆ ਵਿੱਚ ਵਹਿ ਕੇ ਇੱਕ ਸੱਚ ਸਮਝ ਆਇਆ ਏ,
ਜਿਸ ਦਿਲ ਅੰਦਰ ਪਿਆਰ ਵਸੇ, ਉਹੀ ਰੱਬ ਦਾ ਸਾਇਆ ਏ।
ਮੰਦਰ, ਮਸਜਿਦ, ਦਰਗਾਹਾਂ ਦਾ ਭੇਦ ਵੀ ਮਿਟ ਜਾਂਦਾ ਏ,
ਜਦ ਦਿਲਾਂ ਅੰਦਰ ਖਿੜਿਆ ਹੋਵੇ ਮੁਹੱਬਤ ਦਾ ਚਮਨ ਯਾਰਾ
ਜਿੱਥੇ ਇਸ਼ਕ ਮੁਸਾਫ਼ਿਰ ਹੋਵੇ.......

ਇਸ਼ਕ ਤੇਰੇ ਦੀ ਰੌਸ਼ਨੀ 'ਚ ਰਾਹਾਂ ਮੇਰੀਆਂ ਨਿੱਖਰ ਗਈਆਂ
ਰੂਹ ਦੀਆਂ ਵੀਰਾਨ ਗਲ਼ੀਆਂ ਅੱਜ ਫਿਰ ਤੋਂ ਸੰਵਰ ਗਈਆਂ
ਤੇਰੇ ਨਾਮ ਦੀ ਖੁਸ਼ਬੂ ਮੇਰੇ ਸਾਹਾਂ ਵਿੱਚ ਰਚਦੀ ਜਾਂਦੀ ਏ
ਜਿਵੇਂ ਫੁਰਸਤ ਦੇ ਪਲਾਂ 'ਚ ਰਚਨਾਂ ਕਰਦਾ ਰਚਨਹਾਰ ਯਾਰਾ
ਜਿੱਥੇ ਇਸ਼ਕ ਮੁਸਾਫ਼ਿਰ ਹੋਵੇ.......

ਸੱਜਣ, ਤੇਰੀ ਯਾਦ ਦਾ ਮੌਸਮ ਹਰ ਰੁੱਤ ਵਿੱਚ ਵੱਸਦਾ ਏ,
ਸੁੱਕੇ ਪੱਤਿਆਂ ਦੇ ਹਿੱਸੇ ਵੀ ਹਰਿਆਵਲ ਜਿਹਾ ਹੱਸਦਾ ਏ।
ਤੇਰੇ ਬਿਨਾ ਜੋ ਲੰਘਦੇ ਪਲ ਸਦੀਆਂ ਵਰਗੇ ਲੱਗਦੇ ਨੇ,
ਤੂੰ ਨਾਲ਼ ਹੋਵੇਂ ਤਾਂ ਕੀ ਕਰਨੀ ਦੁਨੀਆਂ ਦੀ ਫਿਕਰ ਯਾਰਾ
ਜਿੱਥੇ ਇਸ਼ਕ ਮੁਸਾਫ਼ਿਰ ਹੋਵੇ.......

ਚੰਨ ਵੀ ਫਿੱਕਾ ਲੱਗਦਾ ਏ ਜਦ ਚਿਹਰਾ ਤੇਰਾ ਯਾਦ ਆਵੇ,
ਦਿਲ ਦੀ ਹਰ ਇੱਕ ਧੜਕਣ ਤੇਰਾ ਹੀ ਨਾਂ ਗੁਣਗੁਣਾਵੇ
ਰੱਬ ਕੋਲੋਂ ਇੱਕੋ ਅਰਦਾਸ, ਤੂੰ ਬਣਕੇ ਮੇਰਾ ਹਮਸਫਰ ਰਹੀਂ
ਤੇਰੇ ਬਿਨਾ ਇਹ ਸਾਹਾਂ ਦਾ ਸਫ਼ਰ ਵੀ ਕੀ ਹੈ ਸਫ਼ਰ ਯਾਰਾ
ਜਿੱਥੇ ਇਸ਼ਕ ਮੁਸਾਫ਼ਿਰ ਹੋਵੇ.......

ਜੇ ਕਦੇ ਇਹ ਗੀਤ ਹਵਾਵਾਂ ਤੇਰੇ ਵਿਹੜੇ ਤੱਕ ਲੈ ਜਾਣ,
ਦਿਲ ਦੀਆਂ ਚੁੱਪ ਅਰਦਾਸਾਂ ਤੈਨੂੰ ਹੌਲ਼ੀ ਜਿਹੀ ਕਹਿ ਜਾਣ
ਇਸ਼ਕ ਰਹੇ ਤਾਂ ਰੱਬ ਰਹੇ ਬਾਕੀ ਸਭ ਕੁਝ ਫਾਨੀ ਏ,
'ਸਫ਼ਰੀ' ਤੇਰੇ ਨਾਂ 'ਤੇ ਲਿਖਦਾ ਰਹਾਂ ਮੈਂ ਉਮਰ ਭਰ ਯਾਰਾ।
ਜਿੱਥੇ ਇਸ਼ਕ ਮੁਸਾਫ਼ਿਰ ਹੋਵੇ.......




## ਇਨਸਾਨੀਅਤ

ਕਿਤੇ ਦੀਵੇ ਬਲਦੇ ਰਹਿਮਤ ਦੇ, ਕਿਤੇ ਹਨ੍ਹੇਰਾ ਚਾਰ-ਚੁਫੇਰੇ,
ਕਿਤੇ ਖੁੱਲ੍ਹੇ ਹੱਥ ਨੇ ਦਾਨੀਆਂ ਦੇ, ਕਿਤੇ ਲਾਲਚ ਨੇ ਪਾਏ ਘੇਰੇ।
ਬੇਸ਼ੱਕ ਮਨੁੱਖਤਾ ਜਿਉਂਦੀ ਹੈ, ਪਰ ਰੂਹ ਨੂੰ ਝੋਰਾ ਖਾਂਦਾ,
ਜਦ ਬੰਦਾ ਬੰਦੇ ਦਾ ਹੀ ਇੱਥੇ, ਲਹੂ ਪੀਣ ਨੂੰ ਜਾਂਦਾ।

ਮੂੰਹ ਚੋਂ ਨਿਵਾਲਾ ਖੋਹ ਲੈਂਦੇ, ਜੋ ਹੱਕ ਪਰਾਇਆ ਖਾਂਦੇ ਨੇ,
ਆਪਣੇ ਹੀ ਸਕਿਆਂ ਭਰਾਵਾਂ ਨੂੰ, ਜੋ ਪੈਰਾਂ ਹੇਠ ਲੈ ਆਉਂਦੇ ਨੇ।
ਗੁਰੂਆਂ ਨੇ ਸਭ ਨੂੰ ਇੱਕ ਕਿਹਾ, ਪਰ ਅਸੀਂ ਦੀਵਾਰਾਂ ਚਿਣ ਦਿੱਤੀਆਂ,
ਵਿਤਕਰੇ ਵਾਲੀਆਂ ਜ਼ਹਿਰਾਂ ਨੇ, ਸਾਡੀਆਂ ਸਭ ਰੀਝਾਂ ਮਿਣ ਦਿੱਤੀਆਂ।
ਕਿਉਂ ਭੁੱਲ ਗਿਆ ਤੂੰ ਬੰਦਿਆ, ਕਿ ਸਭ ਦਾ ਇੱਕੋ ਨੂਰ ਹੈ,
ਕਿਉਂ ਇਨਸਾਨੀਅਤ ਦੇ ਰਸਤੇ ਤੋਂ, ਅੱਜ ਮਨੁੱਖ ਹੋਇਆ ਦੂਰ ਹੈ?

ਗੋਲਕ ਗੁਰੂ ਦੀ ਗਰੀਬ ਦਾ ਮੂੰਹ, ਇਹ ਸੱਚਾ ਇੱਕ ਪੈਗਾਮ ਸੀ,
ਅੱਜ ਬੰਦੇ ਦੇ ਕਰਮਾਂ ਵਿੱਚ, ਨਾ ਸੇਵਾ ਹੈ ਨਾ ਰਾਮ ਜੀ।
ਕੁੱਖਾਂ ਦੇ ਵਿੱਚ ਧੀਆਂ ਮਾਰ ਕੇ, ਕਿੱਦਾਂ ਮਹਾਨ ਕਹਾਏਗਾ?
ਇਸ ਪਾਪ ਦੇ ਡੂੰਘੇ ਸਾਗਰ 'ਚੋਂ, ਤੂੰ ਕਿੱਦਾਂ ਪਾਰ ਲੰਘ ਜਾਏਗਾ?
ਇਹ ਇਨਸਾਨੀਅਤ ਦਾ ਕਤਲ, ਇਹ ਬੜਾ ਵੱਡਾ ਨੁਕਸਾਨ ਹੈ,
ਪੱਥਰਾਂ ਨੂੰ ਪੂਜਣ ਵਾਲਿਆ, ਤੇਰੇ ਅੰਦਰ ਕਿੱਥੇ ਭਗਵਾਨ ਹੈ?

ਰਿਸ਼ਤਿਆਂ ਦੀ ਮਰਿਆਦਾ ਟੁੱਟੀ, ਸ਼ਰਮ-ਹਯਾ ਸਭ ਹਾਰ ਗਈ,
ਜਦ ਧੀ-ਭੈਣ ਦੀ ਇੱਜ਼ਤ ਨੂੰ, ਕੋਈ ਹਵਸ ਦੀ ਭੇਟ ਕਰ ਤਾਰ-2 ਗਈ।
ਇਨਸਾਨੀਅਤ ਸ਼ਰਮਸਾਰ ਹੋਈ, ਜਦ ਲਹੂ ਸਫੈਦ ਹੋ ਜਾਂਦਾ ਹੈ,
ਬੰਦਾ ਜਦੋਂ ਵਹਿਸ਼ੀ ਬਣਦਾ, ਰੱਬ ਵੀ ਚੁੱਪ ਹੋ ਜਾਂਦਾ ਹੈ।
ਮਨੁੱਖਾਂ! ਤੂੰ ਕਦੋਂ ਸਮਝੇਂਗਾ, ਇਸ ਦੁਨੀਆ ਦੇ ਵਿੱਚ ਰਹਿ ਕੇ,
ਸਭ ਧਰਮਾਂ ਤੋਂ ਵੱਡੀ ਇਨਸਾਨੀਅਤ, "ਖਿੱਚੀ" ਰਹਿੰਦਾ ਹੈ ਸੱਚ ਕਹਿ ਕੇ।




## ਅਣਦਿਸਦੇ ਨਜ਼ਾਰੇ

ਨਾ ਰੋਗ ਨਾ ਦਾਰੂ ਬੁੱਝੇ ,
ਬਿਨਾਂ ਇਲਾਜੋਂ ਮਰੇ ਮਰੀਜ਼।
ਇਹ ਨੈਣਾਂ ਥੀਂ ਤੱਕ ਨਾ ਪਾਈਏ,
ਗੁਪਤੀ ਵਰਤੇ ਸੁੰਦਰ ਚੀਜ਼।
ਮਾਇਆ ਠੱਗਣੀ ਜੱਗ ਨਚਾਵੇ,
ਬਿਨ ਜਿਸ ਦੇ ਹੈ ਜੱਗ ਗ਼ਲੀਜ਼।
ਬਖ਼ਸ਼ ਲਿਆ ਜਾਂ ਸਤਿਗੁਰ ਪੂਰੇ,
ਚਿੱਤ ਟਿਕਾਇਆ ਮੰਤ੍ਰ ਬੀਜ।
ਅੰਮ੍ਰਿਤ ਮਿੱਠੀ ਬਾਣੀ ਧਾਰਾ,
ਰਸਨਾ ਹੋ ਗਈ ਪੁਰ ਲਜ਼ੀਜ਼।
ਇੱਕੋ ਯਾਦ ਹੀ ਲਹਿ ਗਈ ਅੰਦਰ,
ਸੁੰਨਾ ਹਿਰਦਾ ਗਿਆ ਪਸੀਜ।
ਇਹ ਜੱਗ ਵਾਂਗ ਸਰਾਂ ਦੇ ਜਾਪੇ
ਹਰ ਕੋਈ ਆਪਣਾ ਦਿਸੇ ਅਜ਼ੀਜ਼।
ਤੂੰ ਤੂੰ ਕਰਦੇ ਹੋ ਗਏ ਇੱਕੋ,
"ਸਹਿਜ" ਅਨੰਦਾ ਦੂਜ ਨਾ ਤੀਜ।




## ਤੋੜ ਨਿਭਾਈ

ਵੇ ਲੱਗੀਆਂ ਤੋੜ ਨਿਭਾਈ,
ਵੇਖੀਂ ਭੁੱਲ ਨਾ ਤੂੰ ਜਾਈ।
ਵੇ ਮਾਹੀਆ ਭੁੱਲ ਨਾ ਤੂੰ ਜਾਈ,
ਵੇ ਢੋਲਾ ਭੁੱਲ ਨਾ ਤੂੰ ਜਾਈ।
ਦਿਲ ਮੇਰੇ ਦਾ ਤੂੰ ਮਹਿਰਮ ਵੇ,
ਪਿਆਰ ਦਾ ਤੂੰ ਗਹਿਣਾ।
ਮਰ ਜਾਣਾ ਮੈਂ ਤੈਥੋਂ ਸੱਜਣਾ,
ਹੁਣ ਦੂਰ ਨਹੀਂ ਰਹਿਣਾ।
ਵੇ ਲੱਗੀਆਂ ਤੋੜ ਨਿਭਾਈ,
ਵੇਖੀਂ ਭੁੱਲ ਨਾ ਤੂੰ ਜਾਈ।
ਇਸ਼ਕ ਤੇਰੇ ਨੇ ਐਸਾ ਲੁੱਟਿਆ,
ਹੋ ਗਈ ਆਂ ਮੈਂ ਝੱਲੀ।
ਆ ਵੇ ਸੱਜਣਾ ਸਾਡੇ ਵੱਲੇ,
ਰਾਹ ਅੱਖੀਆਂ ਨੇ ਮੱਲੀ।
ਵੇ ਲੱਗੀਆਂ ਤੋੜ ਨਿਭਾਈ,
ਵੇਖੀਂ ਭੁੱਲ ਨਾ ਤੂੰ ਜਾਈ।
ਹਾਵਾਂ ਭਿੱਜੀ ਯਾਦ ਨੇ ਅੜਿਆ,
ਦਿਲ 'ਤੇ ਧਾਕ ਜਮਾਈ।
ਵਿੱਚ ਖ਼ਿਆਲਾਂ ਹਰ ਦਮ ਭੌਂਦੀ,
ਹੋਸ਼ ਮੈਨੂੰ ਨਾ ਕਾਈ।
ਵੇ ਲੱਗੀਆਂ ਤੋੜ ਨਿਭਾਈ,
ਵੇਖੀਂ ਭੁੱਲ ਨਾ ਤੂੰ ਜਾਈ।
ਚੰਨ ਚੜ੍ਹੇ ਤਾਂ ਰੱਜ-ਰੱਜ ਵੇਖਾਂ,
ਚੰਨ 'ਚ ਦਿਖਦਾ ਤੂੰ ਮੈਨੂੰ।
"ਡਿੱਬੂਆ" ਬੇਦਰਦੀ ਹੋ ਗਿਆ,
ਭੁੱਲ ਬਹਿ ਗਿਆ ਮੈਨੂੰ।
ਵੇ ਲੱਗੀਆਂ ਤੋੜ ਨਿਭਾਈ,
ਵੇਖੀਂ ਭੁੱਲ ਨਾ ਤੂੰ ਜਾਈ,
ਵੇ ਢੋਲਾ ਭੁੱਲ ਨਾ ਤੂੰ ਜਾਈ








ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212



# ਅਦਬੀ ਵਿਰਾਸਤ

ਅੰਕ 05 , 22 ਤੋਂ 28 ਜੂਨ 2026 , ਵੱਲੋਂ:- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ ( ਓਵਰਸੀਜ਼ ਦਫ਼ਤਰ ਕੈਲਗਿਰੀ,ਕਨੇਡਾ)


## ਆਕੜ

ਸਹਿਣਸ਼ੀਲ ਬੰਦੇ ਦੀ ਹੋਵੇ ,
ਹਰ ਥਾਂ ਬੱਲੇ ਬੱਲੇ।
ਸਹਿਣਸ਼ੀਲ ਬੰਦੇ ਦੀ ਹੋਵੇ ,
ਹਰ ਥਾਂ ਬੱਲੇ ਬੱਲੇ।
ਆਕੜ ਵਾਲਾ ਹਉਮੈ ਭਰਿਆ,
ਆਕੜ ਕਿਹੜਾ ਝੱਲੇ।

ਫ਼ਲ ਨੀਵੇਂ ਰੁਖਾਂ ਨੂੰ ਲੱਗਦੇ,
ਆਖਣ ਲੋਕ ਸਿਆਣੇ।
ਨ੍ਹੇਰੀ ਝੱਖੜ ਵਿਚ ਟੁੱਟ ਜਾਵੇ,
ਜੋ ਝੁਕਣਾ ਨਾ ਜਾਣੇ।

ਮਾਇਆ ਨਾਗਣ ਹੈ ਇਸ ਜਗ ਨੂੰ
ਬਿਨ ਦੰਦਾਂ ਤੋਂ ਖਾਣੀ।
ਕੱਫ਼ਣ ਨੂੰ ਖੀਸਾ ਨਾ ਲੱਗਦਾ,
ਮਾਇਆ ਨਾਲ ਨਾ ਜਾਣੀ।

ਮਾਇਆ ਮੋਹ ਵਿਚ ਅੰਨ੍ਹਾ ਬੰਦਾ,
ਹੋ ਹੰਕਾਰੀ ਜਾਵੇ।
ਸਬਰ ਸਬੂਰੀ ਰਹੇ ਨਾ ਪੱਲੇ,
ਮਾਇਆ ਪਿੱਛੇ ਧਾਵੇ।

ਗੱਡਿਆ ਜਿਵੇਂ ਧੌਣ ਵਿੱਚ ਕਿੱਲਾ,
ਆਕੜ ਆਕੜ ਤੁਰਦਾ।
ਦੂਜੇ ਤਾਈਂ ਨਿੰਦਣ ਬਾਝੋਂ,
ਹੋਰ ਨਾ ਫੁਰਨਾ ਫੁਰਦਾ।

ਮਿੱਠੇ ਬੋਲ ਮੋਹ ਲੈਣ ਮਨਾਂ ਨੂੰ,
ਮੰਨੇ ਦੁਨੀਆਂ ਸਾਰੀ
ਨਿਮਰਤਾ ਸਭ ਉੱਤਮ ਗੁਣ ਹੈ,
ਨੀਵਾਂ ਪੱਲੜਾ ਭਾਰੀ।

ਨਫ਼ਰਤ ਅੰਦਰ ਤਾਈਂ ਸਾੜੇ,
ਤਨ ਨੂੰ ਖੂਬ ਤਪਾਵੇ।
ਵੰਡੋ ਹਾਸੇ,ਖੁਸ਼ੀਆਂ, ਖੇੜੇ,
ਧਨ ਨਾ ਵੰਡਿਆ ਜਾਵੇ।
ਆਕੜ ਵਾਲਾ ਹਉਮੈ ਭਰਿਆ,
ਆਕੜ ਕਿਹੜਾ ਝੱਲੇ।

ਫ਼ਲ ਨੀਵੇਂ ਰੁਖਾਂ ਨੂੰ ਲੱਗਦੇ,
ਆਖਣ ਲੋਕ ਸਿਆਣੇ।
ਨ੍ਹੇਰੀ ਝੱਖੜ ਵਿਚ ਟੁੱਟ ਜਾਵੇ,
ਜੋ ਝੁਕਣਾ ਨਾ ਜਾਣੇ।

ਮਾਇਆ ਨਾਗਣ ਹੈ ਇਸ ਜਗ ਨੂੰ
ਬਿਨ ਦੰਦਾਂ ਤੋਂ ਖਾਣੀ।
ਕੱਫ਼ਣ ਨੂੰ ਖੀਸਾ ਨਾ ਲੱਗਦਾ,
ਮਾਇਆ ਨਾਲ ਨਾ ਜਾਣੀ।

ਮਾਇਆ ਮੋਹ ਵਿਚ ਅੰਨ੍ਹਾ ਬੰਦਾ,
ਹੋ ਹੰਕਾਰੀ ਜਾਵੇ।
ਸਬਰ ਸਬੂਰੀ ਰਹੇ ਨਾ ਪੱਲੇ,
ਮਾਇਆ ਪਿੱਛੇ ਧਾਵੇ।

ਗੱਡਿਆ ਜਿਵੇਂ ਧੌਣ ਵਿੱਚ ਕਿੱਲਾ,
ਆਕੜ ਆਕੜ ਤੁਰਦਾ।
ਦੂਜੇ ਤਾਈਂ ਨਿੰਦਣ ਬਾਝੋਂ,
ਹੋਰ ਨਾ ਫੁਰਨਾ ਫੁਰਦਾ।

ਮਿੱਠੇ ਬੋਲ ਮੋਹ ਲੈਣ ਮਨਾਂ ਨੂੰ,
ਮੰਨੇ ਦੁਨੀਆਂ ਸਾਰੀ
ਨਿਮਰਤਾ ਸਭ ਉੱਤਮ ਗੁਣ ਹੈ,
ਨੀਵਾਂ ਪੱਲੜਾ ਭਾਰੀ।

ਨਫ਼ਰਤ ਅੰਦਰ ਤਾਈਂ ਸਾੜੇ,
ਤਨ ਨੂੰ ਖੂਬ ਤਪਾਵੇ।
ਵੰਡੋ ਹਾਸੇ,ਖੁਸ਼ੀਆਂ, ਖੇੜੇ,
ਧਨ ਨਾ ਵੰਡਿਆ ਜਾਵੇ।




## ਨਸ਼ਿਆਂ ਦੀ ਬਾਣ ਚੰਦਰੀ

ਨਸ਼ਾ ਨਾ ਕਰ ਤੂੰ ਮੇਰੇ ਯਾਰ।
ਇਸ ਨੇ ਕੀਤੇ ਬਹੁਤ ਖ਼ਵਾਰ।

ਤਨ ,ਮਨ,ਧਨ ਦਾ ਨਾਸ ਕਰੇ।
ਕਈ ਅਨਿਆਈ ਮੌਤ ਮਰੇ।

ਅਣਖ ਤੇ ਗੈਰਤ ਸਭ ਗਵਾਵੇ।
ਲੋਕਾਂ ਵਿੱਚ ਨਾ ਸ਼ੋਭਾ ਪਾਵੇ।

ਨਾ ਕਿਸੇ ਦੀ ਰਹੇ ਪਛਾਣ।
ਨਸ਼ੇ ਵਿੱਚ ਜੋ ਹੋਵੇ ਗਲਤਾਨ।

ਤਰ੍ਹਾਂ ਤਰ੍ਹਾਂ ਦੇ ਹੁੰਦੇ ਕਹਿਰ।
ਇਸ ਨੂੰ ਕਹਿੰਦੇ ਮਿੱਠਾ ਜ਼ਹਿਰ।

ਕਈਆਂ ਦੇ ਘਰ ਇਸ ਉਜਾੜੇ।
ਵਿੱਚ ਸਮਾਜ ਦੇ ਪਾਏ ਪਵਾੜੇ।

ਥੋੜੇ ਸਮੇਂ ਦਾ ਇਹ ਨਜ਼ਾਰਾ।
ਫਿਰ ਬੰਦਾ ਮਰੇ ਦੁਖਿਆਰਾ।

ਆਓ ਲਾਈਏ ਇਹੋ ਨਾਅਰਾ।
ਨਸ਼ਿਆਂ ਤੋਂ ਕਰੀਏ ਕਿਨਾਰਾ।

ਨਸ਼ਿਆਂ ਨੂੰ ਕਦੇ ਹੱਥ ਨੀ ਲਾਉਣਾ ।
ਆਪਣਾ ਚੰਗਾ ਜੀਵਨ ਬਣਾਉਣਾ ।

'ਪੱਤੋ' ਦਿੰਦਾ ਹੈ ਇਹ ਹੋਕਾ।
ਜਾਗ ਅਜੇ ਵੀ ਭਲਿਆ ਲੋਕਾ।




## ਹੌਲ਼ੀ ਹੌਲ਼ੀ

ਹੌਲੀ-ਹੌਲੀ ਦਿਲਾ ਤੈਨੂੰ
ਸਾਰੇ ਛੱਡ ਜਾਣਗੇ
ਚੰਨ ਛੱਡ ਜਾਣਗੇ
ਤਾਰੇ ਛੱਡ ਜਾਣਗੇ

ਉੱਡਦੀਆਂ ਧੂੜਾਂ ਨੂੰ ਸਵਾਲ
ਕਰ ਲੈਨੇਂ ਆਂ
ਜੇ ਮਿਲੇ ਨਾ ਜਵਾਬ
ਫੇਰ ਹੌਕੇ ਭਰ ਲੈਨੇਂ ਆਂ
ਵੇਖੀਂ ਵਖਤ ਵੇਲੇ
ਸੱਜਣ ਪਿਆਰੇ ਛੱਡ ਜਾਣਗੇ

ਹੌਲੀ-ਹੌਲੀ ਦਿਲਾ ਤੈਨੂੰ
ਸਾਰੇ ਛੱਡ ਜਾਣਗੇ

ਕਦੇ ਰਾਹਾਂ ਨੂੰ ਵੇਖ
ਕਦੇ ਡੰਡੀਆ ਨੂੰ ਵੇਖਦਾ
ਕਦੇ ਸਿਵਿਆਂ 'ਚੋਂ ਉੱਡਦੀ
ਸਵਾਹ ਪਿਆ ਵੇਖਦਾ
ਨਦੀਆਂ ਨੂੰ ਵੇਖਲੀਂ
ਕਿਨਾਰੇ ਛੱਡ ਜਾਣਗੇ

ਹੌਲੀ-ਹੌਲੀ ਦਿਲਾ ਤੈਨੂੰ
ਸਾਰੇ ਛੱਡ ਜਾਣਗੇ

ਦਿਲਾਂ ਵਾਲੇ ਰਿਸ਼ਤੇ
ਖੂਨ ਵਾਲੇ ਰਿਸ਼ਤੇ
ਮਹਿੰਗੀ ਭੁੱਖ ਵਿੱਚ ਘੁਲਗੇ
ਸਕੂਨ ਵਾਲੇ ਰਿਸ਼ਤੇ
ਵੇਖੀਂ ਪਿੱਪਲਾਂ ਨੂੰ
ਪੀਂਘ ਦੇ ਹੁਲਾਰੇ ਛੱਡ ਜਾਣਗੇ

ਹੌਲੀ-ਹੌਲੀ ਦਿਲਾ ਤੈਨੂੰ
ਸਾਰੇ ਛੱਡ ਜਾਣਗੇ

ਇਕੱਲਾ ਰਹਿਣਾ ਸਿੱਖ
ਐਵੇਂ ਪਾ ਨਾ ਤੂੰ ਆਦਤਾਂ
ਕਿਸੇ ਸਮਝ ਨਾ ਆਈਆਂ
ਕਦੇ ਇਸ਼ਕ-ਬੁਝਾਰਤਾਂ
ਸਭ ਕੱਚੇ ਕੋਠੇ
ਚੁਬਾਰੇ ਛੱਡ ਜਾਣਗੇ

ਹੌਲੀ-ਹੌਲੀ ਦਿਲਾ ਤੈਨੂੰ
ਸਾਰੇ ਛੱਡ ਜਾਣਗੇ
ਚੰਨ ਛੱਡ ਜਾਣਗੇ
ਤਾਰੇ ਛੱਡ ਜਾਣਗੇ।




## ਦਿਲ ਜਿੱਦੀ ਪਰਿੰਦਾ

ਦਿਲ ਜਿੱਦੀ ਪਰਿੰਦਾ ਦੋਸਤੋ ,
ਜੋ ਛੇਤੀ ਸਮਝ ਨਾ ਪਾਵੇ ਜੀ ।
ਇਸ ਦੇ ਪਿੱਛੇ ਲੱਗ ਕੇ ਬੰਦਾ,
ਆਖਿਰ ਨੂੰ ਪਛਤਾਵੇ ਜੀ।
ਬੰਦੇ ਨੂੰ ਇਹ ਕਾਬੂ ਕਰ ਕੇ,
ਜੋਕਰ ਵਾਂਗ ਨਚਾਵੇ ਜੀ।
ਮਨ ਵਿੱਚ ਲੈਕੇ ਫੁਰਨੇ ਬੰਦਾ,
ਕਦੇ ਨੱਚੇ ਕਦੇ ਗਾਵੇ ਜੀ।
ਸਭ ਨੂੰ ਆਪਣੇ ਪਿੱਛੇ ਲਾਕੇ,
ਇਹ ਲੰਬੀ ਦੌੜ ਦੌੜਾਵੇ ਜੀ।
ਜਦੋਂ ਦਿਲ ਕਰੇ ਮਨ ਆਈਆਂ ,
ਕੌਣ ਇਹਨੂੰ ਸਮਝਾਵੇ ਜੀ।
ਬੁੱਧੀ ਤੇ ਇਹ ਰਹਿੰਦਾ ਭਾਰੂ,
ਅਪਣੀ ਪਿਆ ਚਲਾਵੇ ਜੀ।
ਪਾਉਣੀ ਔਖੀ ਨੱਥ ਇਸਨੂੰ,
ਨੱਠ ਨੱਠ ਦੂਰ ਇਹ ਜਾਵੇ ਜੀ
ਇਹ ਜਿੱਦੀ ਪਰਿੰਦਾ ਦੋਸਤੋ,
ਆਪਣੀ ਜਿੱਦ ਪੁਗਾਵੇ ਜੀ।
ਇਸ ਨੂੰ ਕਾਬੂ ਵਿੱਚ ਰੱਖਦਾ ਜੋ,
ਸੰਤ ਫਕੀਰ ਅਖਵਾਵੇ ਜੀ।
ਸਬਰ ਸਬੂਰੀ ਦੀ ਖਾ ਕੇ ਉਹ
ਨਿੱਤ ਹੀ ਰੱਬ ਨੂੰ ਧਿਆਵੇ ਜੀ।




## ਸ਼ਿੰਗਾਰ

ਵੈਸੇ ਤਾਂ
ਹਰ ਰੋਜ਼ ਹੀ ਹੁੰਦਾ ਹੈ
ਪਿਤਾ ਦਿਵਸ
ਆਪਣੇ ਕੰਮ ਕਾਰ ਤੇ
ਮਤਲਬ ਲਈ ਆਉਂਦੀ ਹੈ
ਪਿਓ ਦੀ ਯਾਦ
ਪਰ ਅਹਿਮੀਅਤ ਦਾ ਪਤਾ
ਲਗਦਾ ਹੈ
ਬਾਪੂ ਦੇ ਤੁਰ ਜਾਣ ਮਗਰੋਂ
ਪਿਤਾ ਦੀ ਦੇਣ
ਬਾਪੂ ਨਾ ਯਾਦਾਂ
ਘੰਦੇੜੇ ਚੜ੍ਹਨਾ
ਗੱਡੇ ਤੇ ਸਾਈਕਲ ਤੇ
ਝੂਟੇ ਮਾਟੇ ਗਾਲਾਂ ਗੱਪੇ
ਗਮ ਦੇ ਛਾਲੇ
ਭਰਦੇ ਫਿਸਦੇ
ਕਲ੍ਹੇ ਬਹਿ ਕੇ
ਹੰਝੂ ਕਿਰਦੇ
ਮਾਪੇ ਸਦਾ ਨਹੀਂ ਰਹਿੰਦੇ
ਕਰ ਲਿਆ ਕਰੋ

ਜੀਉਂਦੇ ਮਾਪਿਆਂ ਦਾ
ਮਾਣ ਸਤਿਕਾਰ
ਚੁੰਮ ਲਿਆ ਕਰੋ
ਝੁਰੜੀਆਂ ਵਾਲੇ ਹੱਥ
ਪਾ ਲਿਆ ਕਰੋ
ਘੁੱਟ ਕੇ ਗਲਵੱਕੜੀ
ਬਰਾਂਡੇ ਚੋਂ ਚੁੱਕ ਕੇ
ਬਣਾ ਦਿਆ ਕਰੋ
ਕੋਠੀ ਦਾ ਸ਼ਿੰਗਾਰ
ਜਿਹਨਾ ਬਦੌਲਤ ਹੈ
ਅੱਜ ਦਾ ਮੈਂ ਤੇ ਤੁਸੀਂ
ਘਰ ਪਰਿਵਾਰ ।




## ਬੱਚੇ ਸਾਡਾ ਕੱਲ੍ਹ ਨੇ

ਨਾ ਇਹਨਾਂ ਨੂੰ ਹਿੰਦੂ, ਸਿੱਖ, ਈਸਾਈ, ਮੁਸਲਮਾਨ ਬਣਾਓ।
ਬੱਚੇ ਸਾਡਾ ਕੱਲ੍ਹ ਨੇ ਇਹਨਾਂ ਨੂੰ ਚੰਗੇ ਇਨਸਾਨ ਬਣਾਓ।
ਬੱਚੇ ਸਾਡਾ ਕੱਲ੍ਹ ਨੇ---------------।

ਬਾਲਕ ਮਨ ਤਾਂ ਮੋਮ ਜਿਹੇ ਨੇ ਜੈਸਾ ਢਾਲੋ ਢਲ ਜਾਵਣਗੇ।
ਬੀਜ ਰੂਪ ਨੇ ਮਾਨਵਤਾ ਦਾ ਜੈਸਾ ਬੀਜੋ ਫਲ ਜਾਵਣਗੇ।
ਸਦ ਬੁੱਧੀ, ਸਦ ਹਿਰਦੇ ਦੇ ਕੇ, ਇਹਨਾਂ ਤਾਈਂ ਮਹਾਨ ਬਣਾਓ।
ਬੱਚੇ ਸਾਡਾ ਕੱਲ੍ਹ ਨੇ-----------------।

ਰਿਆਜ਼, ਰਵਿੰਦਰ, ਡੇਵਿਡ,ਜੀਤਾ,ਸੱਭ ਇੱਕ ਜੋਤ ਨੇ,ਸੱਭ ਨੇ ਪਿਆਰੇ।
ਤਹਿਰਾ,ਪਿੰਕੀ,ਰੋਜ਼ੀ,ਗੀਤਾ, ਸੱਭ ਨੇ ਖੁਸ਼ੀਆਂ ਦੇ ਵਣਜਾਰੇ।
ਬਾਲ ਮਨਾਂ ਵਿੱਚ ਬੀਜ ਕੱਟੜਤਾ, ਫਰਿਸ਼ਤੇ ਨਾ ਸ਼ੈਤਾਨ ਬਣਾਓ।
ਬੱਚੇ ਸਾਡਾ ਕੱਲ੍ਹ ਨੇ-----------------।

ਰਾਮ, ਮੁਹੰਮਦ, ਨਾਨਕ,ਈਸਾ, ਗੌਤਮ ਤਾਂ ਨਹੀਂ ਲੜਨ ਸਿਖਾਉਂਦੇ।
ਇਹ ਤਾਂ ਹੈ ਸਨ ਗਿਆਨ ਭੰਡਾਰੇ, ਜੱਗ ਨੂੰ ਸਿੱਧੇ ਰਸਤੇ ਪਾਉਂਦੇ।
ਨਾਮ ਇੰਨਾ ਦਾ ਵਰਤ ਕੇ ਯਾਰੋ ! ਧਰਤੀ ਨਾ ਸਮਸ਼ਾਨ ਬਣਾਓ।
ਬੱਚੇ ਸਾਡਾ ਕੱਲ੍ਹ ਨੇ-----------------।

ਪਿਆਰ,ਨਿਮਰਤਾ,ਹਮਦਰਦੀ ਤੇ ਮਿਹਨਤ ਸੱਭ ਨੂੰ ਕਰਨ ਸਿਖਾਈਏ।
ਵਿਗਿਆਨਕ ਜੋ ਸੋਚ ਫੈਲਾਈਏ,ਰੌਸ਼ਨ ਅਕਲਾਂ, ਗਿਆਨ ਵਧਾਈਏ।
ਮਹਿਕਾਂ ਭਰੇ ਭਵਿੱਖ ਦਾ ਆਪਾਂ ਸਾਂਝਾ ਇੱਕ ਅਰਮਾਨ ਬਣਾਓ।
ਬੱਚੇ ਸਾਡਾ ਕੱਲ੍ਹ ਨੇ-----------------।

ਸਿਹਤਮੰਦ ਤੇ ਸੁੰਦਰ ਬੱਚੇ, ਚੰਗੀ ਸਿੱਖਿਆ ਨਾਲ ਸਜਾਏ।
ਮਾਨਵਤਾ ਦੀ ਸ਼ਾਨ ਬਣਨਗੇ ,ਸਦਾ ਰਹਿਣਗੇ ਬਣ ਹਮਸਾਏ।
ਜਗਦੀਸ਼ ਬਹਾਦਰਪੁਰੀ ! ਕੌਮ ਦਾ ਹਰ ਬੱਚਾ ਬਲਵਾਨ ਬਣਾਓ।
ਬੱਚੇ ਸਾਡਾ ਕੱਲ੍ਹ ਨੇ-------------------।




ਮਿੰਨੀ ਕਹਾਣੀ

## ਵਧਾਈ

ਵਿਆਹ ਦੇ ਕਈ ਸਾਲਾਂ ਬਾਅਦ ਮਾਸਟਰ ਰਘਵੀਰ ਸਿੰਘ ਦੇ ਘਰ ਪੁੱਤਰ ਨੇ ਜਨਮ ਲਿਆ ਸੀ। ਉਸ ਦੇ ਗੁਆਂਢੀ ਤੇ ਪਿੰਡ ਦੇ ਹੋਰ ਲੋਕ ਉਸ ਦੇ ਘਰ ਪੁੱਤਰ ਦੇ ਜਨਮ ਦੀਆਂ ਵਧਾਈਆਂ ਦੇਣ ਆ ਰਹੇ ਸਨ, ਪਰ ਉਸ ਦਾ ਗੁਆਂਢੀ ਪਰਮਜੀਤ , ਜਿਸ ਦੇ ਘਰ ਦਾ ਗੇਟ ਉਸ ਦੇ ਘਰ ਦੇ ਗੇਟ ਦੇ ਬਿਲਕੁਲ ਸਾਮ੍ਹਣੇ ਹੈ, ਵਧਾਈ ਦੇਣ ਨਾ ਆਇਆ। ਇੱਕ ਦਿਨ ਜਦੋਂ ਉਹ ਸਕੂਲ ਜਾਣ ਲਈ ਆਪਣੇ ਘਰ ਦੇ ਗੇਟ ਤੋਂ ਨਿਕਲਣ ਲੱਗਾ, ਤਾਂ ਉਸ ਦੀ ਨਜ਼ਰ ਪਰਮਜੀਤ ਤੇ ਪੈ ਗਈ, ਜੋ ਕਿ ਆਪਣੇ ਘਰ ਦੇ ਗੇਟ ਤੋਂ ਬਾਹਰ ਖੜ੍ਹਾ ਸੀ।

" ਪਰਮਜੀਤ ਕੀ ਹਾਲ ਆ? ਤੂੰ ਮੈਨੂੰ ਵਧਾਈ ਦੇਣ ਵੀ ਨਹੀਂ ਆਇਆ? ਕੀ ਗੱਲ ਆ?" ਮਾਸਟਰ ਰਘਵੀਰ ਸਿੰਘ ਨੇ ਇੱਕੋ ਸਾਹੇ ਉਸ ਨੂੰ ਕਈ ਸਵਾਲ ਕਰ ਦਿੱਤੇ।

ਆਪਣੇ ਅੰਦਰ ਦੱਬੇ ਲਾਵੇ ਨੂੰ ਬਾਹਰ ਕੱਢਦਾ ਹੋਇਆ ਉਹ ਬੋਲਿਆ," ਮਾਸਟਰ ਜੀ, ਮੇਰਾ ਵੱਡਾ ਮੁੰਡਾ ਪਿੰਡ ਦੇ ਸਰਕਾਰੀ ਹਾਈ ਸਕੂਲ ਵਿੱਚ ਦਸਵੀਂ ਕਲਾਸ 'ਚ ਪੜ੍ਹਦਾ ਸੀ। ਮਾੜੇ ਮੁੰਡਿਆਂ ਦੀ ਸ਼ਹਿ ਤੇ ਉਹ ਇੱਥੋਂ ਲਾਗਲੇ ਪਿੰਡ ਦੇ ਸਕੂਲ ਵਿੱਚ ਪੜ੍ਹਨ ਲਈ ਸਰਟੀਫਿਕੇਟ ਲੈ ਗਿਆ, ਪਰ ਉਹ ਉੱਥੇ ਵੀ ਨਾ ਪੜ੍ਹਿਆ। ਮਾੜੇ ਮੁੰਡਿਆਂ ਦੀ ਸੰਗਤ ਵਿੱਚ ਪੈ ਕੇ ਉਹ ਨਸ਼ੇ ਕਰਨ ਲੱਗ ਪਿਆ ਆ। ਘਰ ਦੀ ਜੋ ਚੀਜ਼ ਉਸ ਨੂੰ ਦਿਸਦੀ ਆ, ਵੇਚਣ ਤੁਰ ਪੈਂਦਾ ਆ। ਕਿਸੇ ਨਾ ਕਿਸੇ ਬਹਾਨੇ ਨਸ਼ਾ ਕਰਨ ਲਈ ਪੈਸੇ ਮੰਗਦਾ ਰਹਿੰਦਾ ਆ। ਮੈਨੂੰ ਰੱਜ ਕੇ ਗਾਲ਼ਾਂ ਕੱਢਦਾ ਆ। ਉਹ ਮੋਟਰਸਾਈਕਲ ਲੈ ਕੇ ਪਤਾ ਨਹੀਂ ਕਿੱਥੇ ਕਿੱਥੇ ਘੁੰਮਦਾ ਰਹਿੰਦਾ ਆ। ਉਹਦੇ ਕਰਕੇ ਮੈਨੂੰ ਫੌਜ ਦੀ ਨੌਕਰੀ ਵੀ ਛੱਡਣੀ ਪਈ ਆ। ਮੈਂ ਤਾਂ ਉਹਦੇ ਵੱਲੋਂ ਬੜਾ ਦੁਖੀ ਆਂ। ਹਰ ਵੇਲੇ ਪ੍ਰੇਸ਼ਾਨ ਰਹਿੰਦਾ ਆਂ। ਹਰ ਵੇਲੇ ਡਰ ਲੱਗਾ ਰਹਿੰਦਾ ਆ ਕਿ ਕਿਤੇ ਕੁੱਝ ਕਰਕੇ ਨਾ ਆ ਜਾਵੇ। ਏਸੇ ਕਰਕੇ ਮੈਂ ਤੁਹਾਨੂੰ ਵਧਾਈ ਦੇਣ ਨਹੀਂ ਆਇਆ। ਰੱਬ ਇਹੋ ਜਿਹੇ ਪੁੱਤ ਕਿਸੇ ਨੂੰ ਨਾ ਦੇਵੇ। ਰੱਬ ਨੇ ਤੁਹਾਨੂੰ ਪੁੱਤਰ ਦੀ ਦਾਤ ਬਖਸ਼ੀ ਆ, ਬਹੁਤ ਖੁਸ਼ੀ ਦੀ ਗੱਲ ਆ। ਇਹ ਵੱਡਾ ਹੋ ਕੇ ਪੜ੍ਹ, ਲਿਖ ਕੇ ਚੰਗੇ ਕੰਮ ਕਰੇ, ਮਾੜੀ ਸੰਗਤ ਤੋਂ ਬਚ ਕੇ ਰਹੇ, ਮੇਰੀ ਰੱਬ ਅੱਗੇ ਇਹੋ ਦੁਆ ਆ।"




## ਰੋਗ ਇਸ਼ਕ ਦਾ

ਰੋਗ ਇਸ਼ਕ ਦਾ ਲਾ ਨਾ ਬੈਠੀਂ,
ਨੈਣਾਂ ਨਾਲ਼ ਨੈਣ ਮਿਲਾ ਨਾ ਬੈਠੀਂ।

ਯਾਰ ਮਨਾਉਣ ਲਈ ਨੱਚਣਾ ਪੈਂਦਾ,
ਪੈਰੀਂ ਝਾਂਜਰ ਪਾ ਨਾ ਬੈਠੀਂ।

ਜਿਸਨੂੰ ਡੰਗਦਾ ਉਹ ਮੰਗਦਾ ਨਾ ਪਾਣੀ,
ਇਸ਼ਕ ਦਾ ਨਾਗ ਲੜਾ ਨਾ ਬੈਠੀਂ।

ਖੰਭ ਲਾ ਕੇ ਨੀਂਦਾਂ ਉੱਡ ਜਾਵਣ,
ਦਿਲ ਦਾ ਚੈਨ ਗਵਾ ਨਾ ਬੈਠੀਂ।

ਹਰ ਸ਼ੈਅ ਵਿੱਚ ਫ਼ਿਰ ਯਾਰ ਹੀ ਦਿਸਦਾ,
ਮਨ ਵਿੱਚ ਯਾਰ ਵਸਾ ਨਾ ਬੈਠੀਂ।

ਦੁਨੀਆਂ ਕਹਿੰਦੀ ਇਸ਼ਕ ਬੁਰਾ ਹੈ,
'ਮੰਨਤ' ਤੂੰ ਅਜ਼ਮਾ ਨਾ ਬੈਠੀਂ।
'ਲਵਲੀ' ਤੂੰ ਅਜ਼ਮਾ ਨਾ ਬੈਠੀਂ।




## ਗ਼ਜ਼ਲ

ਸਬਰ ਸਬੂਰੀ ਕਰਨਾ ਸਿੱਖ ਲੈ।
ਜ਼ਖਮ ਜਿਗਰ ਦੇ ਭਰਨਾ ਸਿੱਖ ਲੈ।

ਸੌਖਾ ਰਹਿਣਾ ਜੇ ਤੂੰ ਸੱਜਣਾ
ਜਿੱਤ ਤੋਂ ਪਹਿਲਾਂ ਹਰਨਾ ਸਿੱਖ ਲੈ।

ਰੱਬ ਦਾ ਆਸ਼ਕ ਬਨਣ ਲਈ ਤੂੰ,
ਇਸ਼ਕ ਹਕੀਕੀ ਕਰਨਾ ਸਿੱਖ ਲੈ।

ਚੜ੍ਹਦਾ ਸੂਰਜ ਜੇ ਤੱਕਣਾ ਹੈ,
ਆਲਸ ਗਹਿਣੇ ਧਰਨਾ ਸਿੱਖ ਲੈ।

ਪਰਬਤ ਪਾਰ ਕਰਨ ਤੋਂ ਪਹਿਲਾਂ,
ਬਰਫ਼ਾਂ ਵਾਂਗੂ ਠਰਨਾ ਸਿੱਖ ਲੈ।

ਹੱਕ ਬੇਗਾਨਾ ਖਾਵਣ ਲੱਗਿਆਂ,
ਰੱਬ ਤੋਂ ਯਾਰਾ ਡਰਨਾ ਸਿੱਖ ਲੈ।

ਰਾਹਾਂ ਵਿੱਚ ਆਉਣਗੇ ਕੰਡੇ,
ਪੀੜ ਕਲੇਰਾ ਜਰਨਾ ਸਿੱਖ ਲੈ।








ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212




# ਅਦਬੀ ਵਿਰਾਸਤ

ਅੰਕ 05 , 22 ਤੋਂ 28 ਜੂਨ 2026 , ਵੱਲੋਂ:- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ ( ਓਵਰਸੀਜ਼ ਦਫ਼ਤਰ ਕੈਲਗਿਰੀ,ਕਨੇਡਾ)


## ਪੰਜਾਬੀ ਬੋਲੀ ਅਤੀਤ, ਵਰਤਮਾਨ ਅਤੇ ਸੰਭਾਵਨਾਵਾਂ

ਪੰਜਾਬੀ ਮਾਂ ਬੋਲੀ,
ਨਹੀਂ ਸਿਰਫ਼ ਅੱਖਰ,
ਇਹ ਜਜ਼ਬਾਤਾਂ ਦਾ ਦਰਿਆ ਹੈ।
ਇਹ ਪਾਉਂਦਾ ਹੈ ਬਾਤ ਅਕਲ ਦੀ,
ਨੱਕੋ ਨੱਕ ਤਜ਼ਰਬੇ ਭਰਿਆ ਹੈ,
ਇਸ ਵਿੱਚ ਸਿਰਫ਼ ਨਾ ਹੀਰ ਤੇ ਸੱਸੀ,
ਇਸ ਵਿੱਚ ਬੁੱਲ੍ਹੇਸ਼ਾਹ ਛੁਪਿਆ ਹੈ,
ਧੁਰ ਚੜ੍ਹਦੇ ਤੋਂ ਲਹਿੰਦੇ ਤੀਕਰ,
ਇਸ ਵਿੱਚ ਬ੍ਰਹਿਮੰਡ ਦਾ ਸੱਚ ਲੁਕਿਆ ਹੈ।
ਬਾਬਾ ਫ਼ਰੀਦ ਅਤੇ ਸ਼ਾਹ ਮੁਹੰਮਦ ਦਾ ਸੱਚ
ਬੈਠਾ ਹੈ ਇਸ ਦੇ ਅੰਦਰ,
ਰੂਨਾ ਲੈਲਾ ਦਾ ਇਸ਼ਟ ਵੀ ਬੈਠਾ ਬਾਬਾ ਦਮਾ
ਦਮ ਮਸਤ ਕਲੰਦਰ,
ਪੰਜਾਬੀ ਅਰਬ, ਅਫ਼ਰੀਕਾ ਚੱਲ ਗਈ,
ਯੂਰਪ ਅਤੇ ਅਮਰੀਕਾ ਮੱਲ ਗਈ।
ਇਹ ਪੰਜਾਬੀ ਗੁਰੂਆਂ ਦੀ ਬੋਲੀ,
ਆਮ ਲੋਕਾਂ ਦੀ ਇਹਨੇ ਨਬਜ ਟਟੋਲੀ।
ਮਾਂ ਅੱਜ ਵੀ ਸਭ ਦੀ ਸੁਖ ਮੰਗਦੀ,
ਕਿਉਂਕਿ ਬੋਲੀ ਹੈ ਮਾਂ,
ਸਭ ਤੋਂ ਭੋਲੀ।
ਬੋਝੇ ਭਰੇ ਇਹਦੇ ਹੀਰੇ ਮੋਤੀ ,
ਪਰ ਅਭਾਗੀ ਹੈ ਪੁੱਤਰਾਂ ਰੋਲੀ।
ਇਹ ਸਾਹਿਤ, ਸਮਾਜ ਧਰਮ,
ਦੀ ਦੇਵੇ ਸੋਝੀ,
ਰਾਜਨੀਤੀ ਦੀਆਂ ਵੀ
ਇਹ ਦੱਸਦੀ ਬਰੀਕੀਆਂ।
ਜਾਣਦੀ ਇਹ ਸਾਰਿਆਂ ਨੂੰ
ਚਾਹੇ ਗੋਰੇ ਚਾਲ ਬਾਜ਼,
ਨਾਜ਼ੀ ਫਾਸੀ ਵਾਦੀ ਹੋਣ,
ਜਰਮਨ ਇਜਰਾਈਲ ਅਮਰੀਕੀਆਂ।

ਮਾਂ ਬੋਲੀ ਸਾਡੀ ਬਾਤਾਂ ਪਾਉਂਦੀ ਹੈ ਸੰਗੀਤ ਦੀਆਂ,
ਰੰਬੀਆਂ ਅਤੇ ਚਰਖੜੀ ਦੀ ਤਾਲ ਵੀ ਸੁਣਾਈ ਦੇਵੇ।
ਹੋਰਾਂ ਕੋਲ ਭੱਠੀ ਦਾਣੇ ਭੁੰਜਣ ਦੀ ਗੱਲ ਬਸ,
ਇੱਥੇ ਤਵੀਆਂ ਤੇ ਗੁਰੂ ਦਾ ਸਰੀਰ ਵੀ ਦਿਖਾਈ
ਦੇਵੇ।
ਘੜਿਆਂ ਤੇ ਤਰਦੇ ਅਤੇ ਡੁਬਦੇ ਅਨੇਕਾਂ ਭਾਵੇਂ,
ਅਟਕ ਤਾਈਂ ਰੋਕਣੇ ਦੀ ਕਲਾ ਇਕੱਲੇ ਇਸੇ ਕੋਲ,
ਦੇਗਾਂ ਵਿੱਚ ਦਾਲ ਚੌਲ ਉਬਲਦੇ ਸਭ ਦੱਸਣ,
ਸਿੱਖ ਗੁਰੂ ਉਬਲਣ ਦਾ ਭੇਤ ਇਕੱਲੇ ਇਸੇ ਕੋਲ।

ਦੁਨੀਆਂ ਦੇ ਉੱਤਰ ਜਾਂ ਦੱਖਣ,
ਕੋਈ ਦੇਸ਼ ਪੂਰਬ ਜਾਂ ਪੱਛਮ
ਸਭ ਦੇਸ਼ਾਂ ਵਿੱਚ ਸੰਗਤ ਜਾਗੀ।
ਗੋਰੇ ਕਾਲੇ ਮੱਧਰੇ ਲੰਮੇ
ਬੱਚੇ ਸਭ ਦੇ ਪੜ੍ਹਨ ਪੰਜਾਬੀ।
ਦੇਸ਼ ਪਰਾਏ ਸਭ ਛੋਟੇ ਵੱਡੇ,
ਪੰਜਾਬੀ ਸਭ ਥਾਂ ਝੰਡੇ ਗੱਡੇ।

ਪੁੱਠੀ ਕਲਾ ਪੰਜਾਬ ਵਿੱਚ ਵਰਤੀ,
ਅਸੀਂ ਦੋਖੀਆਂ ਨਰਮੀ ਵਰਤੀ।
ਮਾਂ ਨੂੰ ਛੱਡ ਮਤਰੇਈ ਘਰ ਵੜ੍ਹ ਗਏ,
ਮਾਂ ਬੋਲੀ ਦੇ ਵਿਰੋਧ ਵਿੱਚ ਖੜ੍ਹ ਗਏ।
ਸ਼ੌਕ ਸ਼ਰੀਕਾਂ ਹੇਜ ਦਿਖਾਇਆ,
ਮਾਂ ਬੋਲੀ ਨਾਲ ਦਗ਼ਾ ਕਮਾਇਆ।
ਸਕੂਲ ਅੰਗਰੇਜ਼ੀ,
ਹਿੰਦੀ ਘਰ ਅੰਦਰ,
ਮਾਂ ਬੋਲੀ ਗਈ ਪਾਰ ਸਮੁੰਦਰ।
ਘੁੱਗ ਚਿੜੇ ਬਣ ਮਾਂ ਬੋਲੀ ਭੁੱਲ ਗਏ,
ਹੋੜਾ ਅਤੇ ਕਨੌੜਾ ਭੁੱਲ ਗਏ।
ਔਂਕੜ ਦੁਲੈਂਕੜ, ਲਾਂਵ ਦੁਲਾਵਾਂ,
ਸਿਹਾਰੀ ਬਿਹਾਰੀ ਮੁਕਤਾ ਕੰਨਾ ਪੈਂਤੀ ਨਾਲ
ਮੁਹਾਰਨੀ ਵੀ ਭੁੱਲ ਗਏ।
ਗੁਰਮੁਖੀ ਗੁਰਬਾਣੀ ਛੱਡ,
ਭੇਖ ਤੇ ਦਿਖਾਵੇ ਵਾਲੀ ਝਠੀ ਸ਼ਾਨ ਉੱਤੇ ਡਲ ਗਏ।

ਮਾਂ ਦੀ ਗੋਦੀ ਛੱਡ ਅਸੀਂ ਖੇਡਦੇ ਅਨਾਥ ਹੋਏ,
ਰਾਜ ਭਾਗ ਭੁੱਲ ਅਸੀਂ ਟੱਪਰੀਵਾਸ ਹੋਏ।

ਮਾਣ ਕਰੋ ਮਾਂ ਦੇ ਉੱਤੇ,
ਸ਼ਾਨ ਨਾਲ ਜੀਣਾ ਜੇ ਹੈ।
ਮਾਂ ਜਿਹਾ ਪਿਆਰ, ਨਿੱਘ,
ਸਭ ਥਾਈਂ ਢੂੰਡ ਵੇਖੋ,
ਸੱਚ ਕਹਾਂ ਕਿਧਰੇ ਵੀ,
ਮਿਲੂ ਨਾ ਜਹਾਨ ਤੇ।
ਮੁੜ ਜੁੜੋ,
ਜੜ੍ਹ ਰੂਪ ਮਾਂ ਬੋਲੀ ਨਾਲ
ਕੁਲ ਰੂਪੀ ਪਿਤਾ ਨਾਲ,
ਮੁੱਢ ਅਤੇ ਜੜ੍ਹ ਬਿਨਾਂ
ਫੁੱਲ ਕਦੇ ਖਿੜ੍ਹਦਾ ਨਹੀਂ।

ਦੁੱਖ ਮਤਰੇਈ ਮਾਂ ਵਾਲਾ,
ਆਖੇ ਭੱਕੂ ਮਾਜਰਾ,
ਜਾ ਪੁੱਛ ਲੈ ਧਰੂ ਭਗਤ ਕੋਲੋਂ,
ਮਾਂ ਤੋਂ ਬਿਨਾਂ ਪਿਤਾ ਦਾ,
ਪਿਆਰ ਕਦੇ ਮਿਲਦਾ ਨਹੀਂ।




## ਭੂਆ ਹਾਂ

ਜਿਸ ਘਰ ਦੀ ਹੁੰਦੀ ਕਦੇ ਮੈਂ ਲਾਡੋ ਰਾਣੀ ਸੀ
ਸਭ ਲਈ ਹੁੰਦੀ ਮੈਂ ਮਨ ਨੂੰ ਭਾਣੀ ਸੀ,
ਹੁਣ ਉਥੇ ਬਣ ਗਈ ਨੰਬਰ ਦੂਆ ਹਾਂ,
ਮੈਂ ਹੁਣ ਧੀ ਨਹੀਂ, ਧੀ ਤੋਂ ਬਣ ਗਈ ਭੂਆ ਹਾਂ।

ਜਿਸ ਘਰ ਵਿੱਚ ਮੇਰੀ ਹੁੰਦੀ ਕਦੇ ਸਰਦਾਰੀ ਸੀ
ਰੋਅਬ ਸਭ ਤੇ ਮੈਂ ਰੱਖਦੀ ਭਾਰੀ ਸੀ,
ਹੁਣ ਉਹਦਾ ਘੁਣ ਖਾਧਾ ਬਣ ਗਈ ਬੂਹਾ ਹਾਂ,
ਮੈਂ ਹੁਣ ਧੀ ਨਹੀਂ, ਧੀ ਤੋਂ ਬਣ ਗਈ ਭੂਆ ਹਾਂ।

ਕਦੇ ਅੰਮ੍ਰਿਤ ਵਾਂਗੂੰ ਜਿਥੇ ਸੀ ਸਭ ਨੂੰ ਲੋੜ ਮੇਰੀ
ਨਾ ਦਿਸਦੀ ਤਾਂ ਖਲਦੀ ਸੀ ਥੋੜ ਮੇਰੀ,
ਹੁਣ ਖਾਰੇ ਪਾਣੀ ਦਾ ਬਣ ਗਈ ਖੂਹਾ ਹਾਂ,
ਮੈਂ ਹੁਣ ਧੀ ਨਹੀਂ, ਧੀ ਤੋਂ ਬਣ ਗਈ ਭੂਆ ਹਾਂ।

ਕਦੇ ਜਿਸ ਘਰ ਮੇਰੀ ਸਲਾਹ ਜ਼ਰੂਰੀ ਸੀ
ਮੇਰੇ ਬਿਨਾਂ ਜਿੱਥੇ ਹਰ ਸ਼ੈਅ ਬੜੀ ਅਧੂਰੀ ਸੀ,
ਹੁਣ ਰੇਸ਼ਮ ਤੋਂ ਬਣ ਗਈ ਚੁੱਭਦਾ ਸੂਆ ਹਾਂ,
ਮੈਂ ਹੁਣ ਧੀ ਨਹੀਂ, ਧੀ ਤੋਂ ਬਣ ਗਈ ਭੂਆ ਹਾਂ।

ਕਦੇ ਰੱਖੜੀ ਵਾਲੇ ਦਿਨ ਜਿੱਥੇ ਮੇਰਾ ਚਾਅ ਹੁੰਦਾ ਸੀ
ਜਿੱਥੇ ਵੀਰਾਂ ਦਾ ਮੇਰੇ ਸਾਹ ਵਿੱਚ ਸਾਹ ਹੁੰਦਾ ਸੀ,
ਹੁਣ ਉਥੇ ਅੱਗ ਤੋਂ ਬਣ ਗਈ ਧੂੰਆਂ ਹਾਂ,
ਮੈਂ ਹੁਣ ਧੀ ਨਹੀਂ, ਧੀ ਤੋਂ ਬਣ ਗਈ ਭੂਆ ਹਾਂ।

ਮੇਰੇ ਆਉਣ ਨਾਲ ਹੁਣ ਕੋਈ ਖੁਸ਼ ਨਹੀਂ ਹੁੰਦਾ
ਨਾ ਆਉਣ ਨਾਲ ਕਿਸੇ ਨੂੰ ਦੁੱਖ ਵੀ ਨਹੀਂ ਹੁੰਦਾ,
'ਸੁੱਖ ' ਮੈਂ ਹੁਣ ਜੇਠ ਦਾ ਬਣ ਗਈ ਲੂਹਾ ਹਾਂ,
ਮੈਂ ਹੁਣ ਧੀ ਨਹੀਂ, ਧੀ ਤੋਂ ਬਣ ਗਈ ਭੂਆ ਹਾਂ।




## ਰੋਗ ਇਸ਼ਕ ਦਾ

ਰੋਗ ਇਸ਼ਕ ਦਾ ਲਾ ਨਾ ਬੈਠੀਂ,
ਨੈਣਾਂ ਨਾਲ਼ ਨੈਣ ਮਿਲਾ ਨਾ ਬੈਠੀਂ।

ਯਾਰ ਮਨਾਉਣ ਲਈ ਨੱਚਣਾ ਪੈਂਦਾ,
ਪੈਰੀਂ ਝਾਂਜਰ ਪਾ ਨਾ ਬੈਠੀਂ।

ਜਿਸਨੂੰ ਡੰਗਦਾ ਉਹ ਮੰਗਦਾ ਨਾ ਪਾਣੀ,
ਇਸ਼ਕ ਦਾ ਨਾਗ ਲੜਾ ਨਾ ਬੈਠੀਂ।

ਖੰਭ ਲਾ ਕੇ ਨੀਂਦਾਂ ਉੱਡ ਜਾਵਣ,
ਦਿਲ ਦਾ ਚੈਨ ਗਵਾ ਨਾ ਬੈਠੀਂ।

ਹਰ ਸ਼ੈਅ ਵਿੱਚ ਫ਼ਿਰ ਯਾਰ ਹੀ ਦਿਸਦਾ,
ਮਨ ਵਿੱਚ ਯਾਰ ਵਸਾ ਨਾ ਬੈਠੀਂ।

ਦੁਨੀਆਂ ਕਹਿੰਦੀ ਇਸ਼ਕ ਬੁਰਾ ਹੈ,
'ਮੰਨਤ' ਤੂੰ ਅਜ਼ਮਾ ਨਾ ਬੈਠੀਂ।
'ਲਵਲੀ' ਤੂੰ ਅਜ਼ਮਾ ਨਾ ਬੈਠੀਂ।




## ਕਵਿਤਾ

ਜੀਵਨ ਤਪਸ਼ ਮਹਿਸੂਸ ਕਰਨਾਂ ਹੁੰਦੈ,
ਸੱਚ ਨੂੰ ਆਖਣਾਂ ਦਾ ਸਾਹਿਸ ਹੁੰਦੈ,
ਇਕ ਦਰਦ ਨੂੰ ਜੀਊਣਾ ਹੁੰਦੈ,
ਜ਼ਖਮਾਂ ਤੇ ਮੱਲ੍ਹਮ ਲਗਾਣਾਂ ਹੁੰਦੈ।

ਘੁੱਟੇ ਅਹਿਸਾਸਾਂ ਨੂੰ ਬਾਹਰ ਕੱਢਣਾ ਹੁੰਦੈ,
ਜਿੰਦਗੀ ਦੀਆਂ ਔਕੜਾਂ ਨੂੰ ਲਿਖਣਾਂ ਹੁੰਦੈ,
ਅਪਣੇ-ਆਪ 'ਚ ਹਲਕਾ ਲਗਣਾਂ ਹੁੰਦੈ,
ਠੰਡੀ ਹਵਾ ਨੂੰ ਮਹਿਸੂਸ ਕਰਨਾਂ ਹੁੰਦੈ।

ਬੱਚੇ ਦੀ ਮਸੂਮੀਅਤ ਨੂੰ ਪਕੜਨਾ ਹੁੰਦੈ,
ਨਸ਼ਿਆਈ ਜਵਾਨੀ ਨੂੰ ਕੈਦ ਕਰਨਾਂ ਹੁੰਦੈ,
ਝੁੱਰੜਾਏ ਚਿਹਰੇ 'ਚੋਂ ਹਸੀ ਲਭਣਾਂ ਹੁੰਦੈ,
ਜਿੰਦਗੀ ਦੇ ਸਫ਼ਰ ਨੂੰ ਮਾਨਣਾਂ ਹੁੰਦੈ।

ਅੱਜ 'ਚ ਰਹਿਣਾ ਹੁੰਦੈ,
ਹੁਣ 'ਚ ਜੀਊਣਾ ਹੁੰਦੈ,
ਕੁੱਦਰਤ ਨੂੰ ਮਾਨਣਾ ਹੁੰਦੈ,
ਆਸ਼ਾਵਾਦੀ ਰਹਿਣਾ ਹੁੰਦੈ।

ਮੁੱਕਦੀ ਗੱਲ!
ਕਵਿਤਾ ਜਿੰਦਗੀ ਦੇ ਹਰ ਪਹਿਲੂ ਨੂੰ ਮਹਿਸੂਸ ਕਰਨਾਂ ਹੁੰਦੈ,
ਲਫਜ਼ਾਂ ਦੇ ਘੱਟਣ-ਵੱਧਣ ਦਾ ਕੋਈ ਫਰਕ ਨਹੀ ਹੁੰਦੈ।




## ਗ਼ਜ਼ਲ

ਹੈਨੀ ਕੋਈ ਕਿਸੇ ਦਾ, ਸਭ ਗੌਂ ਦੇ ਯਾਰ ਨੇ।
ਅਪਣੀ ਹੀ ਲੋੜ ਤਾਈਂ, ਕਰਦੇ ਕਰਾਰ ਨੇ।
ਮਾਸਾ ਇਹ ਕਰਕੇ ਮੱਦਦ, ਤੋਲ਼ਾ ਨੇ ਲੋਚਦੇ,
ਅੱਜ ਦੇ ਜ਼ਮਾਨੇ ਲੋਕੀਂ, ਜੀ ਤੇਜ਼-ਤਰਾਰ ਨੇ।
ਹਾੜੀ ਸਮੇਂ ਹੀ ਧਾਉਂਦੇ ਜੋ ਬਗਲੇ ਭਗਤ ਨੇ,
ਮਨ ਚਾਹਾ ਲੁੱਟ ਕੇ ਲੱਦਾ, ਘਰ ਨੂੰ ਪਧਾਰਨੇ।
ਘਰ ਤੋੜਣਾ ਨਹੀਂ ਡੱਕਾ, ਪੁੱਜਣਾ ਦੁਆਰ ਤੇ,
ਉਰਲਾ ਨਹੀਂ, ਇਹ ਲੋਕੀਂ, ਪਰਲਾ ਸੰਵਾਰਨੇ।
ਸਾਨੂੰ ਹੋਰ ਦੇਓ ਮੌਕਾ, ਗੱਦੀ ਤੈ ਬਹਿਣ ਦਾ,
ਪੰਜ ਸਾਲ ਹੀ ਲੁੱਟਣ ਨੂੰ ਰਹਿੰਦੇ ਤਿਆਰ ਨੇ।
ਘਰ ਫੂਕ ਕੇ ਤਮਾਸ਼ਾ ਅਜ਼ੀ ਇਹ ਜੋ ਵੇਖਦੇ,
ਚਾਦਰ ਛੋਟੀ ਤੇ ਲੰਮੇ, ਇਹ, ਪੈਰ ਪਸਾਰਨੇ।
ਏਧਰ ਦੀ ਕਰਦੇ ਓਧਰ, ਗੱਲਾਂ ਦੇ ਗਾਕ ਜੋ,
ਇਹ ਮਿੱਤ ਨਾ ਕਿਸੇ ਦੇ ਸ਼ਸ਼ਤਰ ਦੋ ਧਾਰ ਨੇ।
ਦਿਲ ਕਿਸੇ ਦਾ ਦੁਖਾ ਕੇ, ਲੱਭਦੇ ਨੇ ਚੈਨ ਨੂੰ,
ਇੰਵ ਹਾਰ ਦਾ ਮਨਾਂ ਚੋਂ, ਕੱਢਦੇ ਗੁਬਾਰ ਨੇ।
"ਅਮਨ" ਚਾਲ ਚੱਲ ਤੂੰ, ਹਾਥੀ ਦੇ ਵਾਂਗਰਾਂ,
ਸਭ ਸੀਤ ਹੋ ਨੇ ਜਾਣੇ ਜੋ ਮਘਦੇ ਅੰਗਾਰ ਨੇ।




## ਗ਼ਜ਼ਲ

ਸਬਰ ਸਬੂਰੀ ਕਰਨਾ ਸਿੱਖ ਲੈ।
ਜ਼ਖਮ ਜਿਗਰ ਦੇ ਭਰਨਾ ਸਿੱਖ ਲੈ।

ਸੌਖਾ ਰਹਿਣਾ ਜੇ ਤੂੰ ਸੱਜਣਾ
ਜਿੱਤ ਤੋਂ ਪਹਿਲਾਂ ਹਰਨਾ ਸਿੱਖ ਲੈ।

ਰੱਬ ਦਾ ਆਸ਼ਕ ਬਨਣ ਲਈ ਤੂੰ,
ਇਸ਼ਕ ਹਕੀਕੀ ਕਰਨਾ ਸਿੱਖ ਲੈ।

ਚੜ੍ਹਦਾ ਸੂਰਜ ਜੇ ਤੱਕਣਾ ਹੈ,
ਆਲਸ ਗਹਿਣੇ ਧਰਨਾ ਸਿੱਖ ਲੈ।

ਪਰਬਤ ਪਾਰ ਕਰਨ ਤੋਂ ਪਹਿਲਾਂ,
ਬਰਫ਼ਾਂ ਵਾਂਗੂ ਠਰਨਾ ਸਿੱਖ ਲੈ।

ਹੱਕ ਬੇਗਾਨਾ ਖਾਵਣ ਲੱਗਿਆਂ,
ਰੱਬ ਤੋਂ ਯਾਰਾ ਡਰਨਾ ਸਿੱਖ ਲੈ।

ਰਾਹਾਂ ਵਿੱਚ ਆਉਣਗੇ ਕੰਡੇ,
ਪੀੜ ਕਲੇਰਾ ਜਰਨਾ ਸਿੱਖ ਲੈ।




ਮਿੰਨੀ ਕਹਾਣੀ

## ਵੋਟਾਂ

ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਇਕ ਪੋਲਿੰਗ ਬੂਥ ਵਿੱਚ ਪੰਚਾਇਤ ਸੰਮਤੀ ਅਤੇ ਜਿਲ੍ਹਾ ਪ੍ਰੀਸ਼ਦ ਦੀਆਂ ਵੋਟਾਂ ਪਾਉਣ ਦਾ ਕੰਮ ਬੜਾ ਸ਼ਾਂਤੀ ਪੂਰਵਕ ਚੱਲ ਰਿਹਾ ਸੀ। ਅਚਾਨਕ ਇਕ ਨੌਜਵਾਨ ਅਤੇ ਇਕ ਮਾਈ, ਜਿਸ ਦੀ ਉਮਰ 70 ਕੁ ਸਾਲ ਜਾਪਦੀ ਸੀ, ਵੋਟਾਂ ਪਾਉਣ ਆ ਗਏ। ਮਾਈ ਨੇ ਬੈਲਟ ਪੇਪਰ ਲੈਣ ਪਿੱਛੋਂ ਪ੍ਰੀਜ਼ਾਈਡਿੰਗ ਅਫਸਰ ਨੂੰ ਬੇਨਤੀ ਕੀਤੀ," ਇਹ ਮੇਰਾ ਛੋਟਾ ਪੁੱਤਰ ਆ। ਮੇਰੀ ਸਿਹਤ ਠੀਕ ਨਹੀਂ। ਮੈਂ ਇੱਥੋਂ ਤੱਕ ਬੜੀ ਮੁਸ਼ਕਲ ਨਾਲ ਤੁਰ ਕੇ ਆਈ ਆਂ। ਨਾਲੇ ਮੈਨੂੰ ਦਿਸਦਾ ਵੀ ਬਹੁਤ ਘੱਟ ਆ। ਕਿਰਪਾ ਕਰਕੇ ਮੇਰੀਆਂ ਦੋਵੇਂ ਵੋਟਾਂ ਮੇਰੇ ਪੁੱਤਰ ਨੂੰ ਪਾ ਲੈਣ ਦਿਓ।"ਪ੍ਰਜ਼ਾਈਡਿੰਗ ਅਫਸਰ ਨੇ ਮਾਈ ਦੀ ਗੱਲ ਬੜੇ ਧਿਆਨ ਨਾਲ ਸੁਣਨ ਪਿੱਛੋਂ ਪੋਲਿੰਗ ਏਜੰਟਾਂ ਨੂੰ ਪੁੱਛਿਆ," ਇਸ ਮਾਈ ਦੀਆਂ ਦੋਵੇਂ ਵੋਟਾਂ ਇਸ ਦੇ ਪੁੱਤਰ ਦੁਆਰਾ ਪਾਣ ਵਿੱਚ ਤੁਹਾਨੂੰ ਕੋਈ ਇਤਰਾਜ਼ ਤਾਂ ਨਹੀਂ?" ਬਾਕੀ ਸਾਰੇ ਪੋਲਿੰਗ ਏਜੰਟ ਤਾਂ ਚੁੱਪ ਰਹੇ ਪਰ ਇਕ ਪੋਲਿੰਗ ਏਜੰਟ ਨਾ ਮੰਨਿਆ ਅਤੇ ਆਖਣ ਲੱਗਾ," ਇਸ ਮਾਈ ਨੂੰ ਕੁਝ ਨਹੀਂ ਹੋਇਆ, ਐਵੇਂ ਪਖੰਡ ਕਰਦੀ ਆ। ਆਹ ਜਿਹੜਾ ਇਸ ਦੇ ਨਾਲ ਆਇਐ, ਘਰੋਂ ਇਸ ਨੂੰ ਸਿਖਾ ਕੇ ਲਿਆਇਐ। ਇਹ ਮਾਈ ਆਪਣੀਆਂ ਦੋਵੇਂ ਵੋਟਾਂ ਆਪ ਪਾਏ, ਨਹੀਂ ਤਾਂ ਨਾ ਪਾਏ।" ਉਸ ਨੇ ਉਸ ਮਾਈ ਦੇ ਪੁੱਤਰ ਨੂੰ ਵੀ ਕਾਫੀ ਚੰਗਾ-ਮੰਦਾ ਬੋਲਿਆ। ਮਾਈ ਤੇ ਉਸ ਦੇ ਪੁੱਤਰ ਨੇ ਉਸ ਨੂੰ ਕੋਈ ਜਵਾਬ ਨਾ ਦਿੱਤਾ। ਉਸ ਦੀਆਂ ਗੱਲਾਂ ਖੜ੍ਹੇ ਚੁੱਪ ਕਰਕੇ ਸੁਣਦੇ ਰਹੇ। ਪ੍ਰੀਜ਼ਾਈਡਿੰਗ ਅਫਸਰ ਦੇ ਹੋਰ ਸਮਝਾਉਣ ਤੇ ਉਹ ਮਾਈ ਦੀਆਂ ਦੋਵੇਂ ਵੋਟਾਂ ਉਸ ਦੇ ਪੁੱਤਰ ਦੁਆਰਾ ਪਾਏ ਜਾਣ ਲਈ ਸਹਿਮਤ ਹੋ ਗਿਆ। ਜਦੋਂ ਮਾਈ ਤੇ ਉਸ ਦਾ ਪੁੱਤਰ ਵੋਟਾਂ ਪਾ ਕੇ ਪੋਲਿੰਗ ਬੂਥ ਤੋਂ ਬਾਹਰ ਚਲੇ ਗਏ ਤਾਂ ਪ੍ਰੀਜ਼ਾਈਡਿੰਗ ਅਫਸਰ ਉਸ ਪੋਲਿੰਗ ਏਜੰਟ ਨੂੰ ਮੁਖਾਤਿਬ ਹੋ ਕੇ ਬੋਲਿਆ," ਕਿਉਂ ਬਈ, ਆ ਜਿਹੜੀ ਮਾਈ ਤੇ ਉਸ ਦਾ ਪੁੱਤਰ ਵੋਟਾਂ ਪਾਣ ਆਏ ਸੀ, ਤੂੰ ਉਨ੍ਹਾਂ ਨੂੰ ਬੜਾ ਚੰਗਾ-ਮੰਦਾ ਬੋਲਿਆ। ਕੀ ਗੱਲ ਸੀ?"

" ਕੀ ਦੱਸਾਂ ਸਾਹਿਬ ਜੀ? ਇਹ ਮਾਈ ਮੇਰੀ ਮਾਂ ਸੀ ਤੇ ਉਸ ਦਾ ਪੁੱਤਰ ਮੇਰਾ ਛੋਟਾ ਭਰਾ ਸੀ। ਮੈਂ ਹੋਰ ਉਮੀਦਵਾਰਾਂ ਨੂੰ ਵੋਟਾਂ ਪਾਈਆਂ ਆਂ ਤੇ ਇਨ੍ਹਾਂ ਨੇ ਹੋਰ ਉਮੀਦਵਾਰਾਂ ਨੂੰ। ਇਨ੍ਹਾਂ ਵੋਟਾਂ ਚੰਦਰੀਆਂ ਨੇ ਭਰਾ-ਭਰਾ, ਮਾਂ-ਪੁੱਤ ਵੈਰੀ ਬਣਾ ਦਿੱਤੇ ਆ। ਇਹੋ ਜਹੀਆਂ ਵੋਟਾਂ ਬਗੈਰ ਕੀ ਥੁੜ੍ਹਿਐ?" ਇਹ ਕਹਿ ਕੇ ਉਸ ਨੇ ਆਪਣੇ ਬੁੱਲ੍ਹਾਂ ਤੇ ਚੁੱਪ ਦਾ ਤਾਲਾ ਲਾ ਲਿਆ।




## ਫੁੱਲ ਦੀ ਸੁੰਦਰਤਾ

ਫੁੱਲਾ ਵੇ ਫੁੱਲਾ! ਮੈਨੂੰ ਮਾਫ਼ ਕਰੀਂ,

ਮੈਂ ਤੇਰੇ ਵੱਲ ਹੱਥ ਵਧਾਇਆ।

ਟਾਹਿਣੀ ਨਾਲ ਤੈਨੂੰ ਟਹਿਕਦਾ ਵੇਖ ਕੇ,

ਮੈਨੂੰ ਰਤਾ ਤਰਸ ਨਾ ਆਇਆ।

ਸੁਹਣੇ ਤੇਰੇ ਰੂਪ ਦਾ ਜਲਵਾ,

ਮਾਣ ਸਕੀ ਨਾ ਦੂਰੋਂ।

ਨੇੜਿਉਂ ਜਾ ਕੇ ਤੋੜਿਆ ਤੈਨੂੰ,

ਤੇ ਜੂੜੇ ਵਿੱਚ ਲਗਾਇਆ।

ਆਪਣੇ ਆਪ ਨੂੰ ਸੁੰਦਰ ਲੱਗਣ ਲਈ,

ਮੈਂ ਤੈਨੂੰ ਮਾਰ ਮੁਕਾਇਆ।

ਫੁੱਲਾ ਵੇ ਫੁੱਲਾ! ਮੈਨੂੰ ਮਾਫ਼ ਕਰੀਂ।




ਮਿੰਨੀ ਕਹਾਣੀ

## ਸਵਾਲ

ਮੈਂ ਰਸੋਈ ਵਿੱਚੋਂ ਨਿਕਲ ਬਾਹਰ ਬਰਾਂਡੇ ਵਿੱਚ ਆਈ ਬਿਮਲਾ ਪੋਚਾ ਲਾਉਂਦੀ ਲਾਉਂਦੀ ਰੁਕ ਗਈ ਉਹਨੇ ਤਿੱਖੀਆਂ ਜਿਹੀਆਂ ਨਜ਼ਰਾਂ ਨਾਲ ਮੇਰੇ ਵੱਲ ਤੱਕਿਆ ਤੇ ਕਹਿਣ ਲੱਗੀ,
" ਦੀਦੀ...ਹਮ ਕਿਆ ਤੁਮ ਸੇ ਅਲੱਗ ਹੈ ਕੋਈ...?"
"ਨਹੀਂ... ਕੀ ਹੋਇਆ... ਕਿਉਂ ਪੁੱਛ ਰਹੀ ਐਂ...?" ਮੈਂ ਉਸਨੂੰ ਪੁੱਛਿਆ।
"ਨਹੀਂ...ਆਪ ਬਤਾਓ ਕੁੱਛ ਅਲੱਗ ਹੈਂ ਕਿਆ...?" ਉਸਨੇ ਫਿਰ ਦੁਹਰਾਇਆ।
ਮੈਂ ਘਬਰਾ ਗਈ, ਮੈਂ ਤਾਂ ਉਸਨੂੰ ਕੁੱਝ ਵੀ ਨਹੀਂ ਸੀ ਕਿਹਾ। ਉਸਦੀਆਂ ਅੱਖਾਂ ਵਿੱਚ ਰੋਸ ਦੀ ਹਨੇਰੀ ਵੱਗ ਰਹੀ ਸੀ।
"ਮੈਂ ਉਨਕੇ ਘਰ ਖਾਣਾ ਬਣਾਤੀ ਹੂੰ... ਬਰਤਨ ਧੋਤੀ ਹੂੰ... ਸਫਾਈ ਵੀ ਕਰਤੀ ਹੂੰ..."
ਵਿਮਲਾ ਦੇ ਮਨ ਚ ਪਤਾ ਨਹੀਂ ਕਿਸ ਗੱਲ ਦਾ ਰੋਸ ਸੀ ਉਹ ਤੈਸ਼ ਵਿੱਚ ਆ ਗਈ ਸੀ।
"ਫਿਰ ਕੀ ਹੋਇਆ..." ਮੈਂ ਪੁੱਛਿਆ।
"ਮੇਰੇ ਖਾਣੇ ਕੇ ਬਰਤਨ ਅਲੱਗ ਰੱਖੇ ਹੈਂ...ਬੋਲੋ...।" ਬਿਮਲਾ ਦਾ ਗੋਰਾ ਰੰਗ ਭੱਖ ਕੇ ਲਾਲ ਹੋ ਗਿਆ ਸੀ।
"ਵੋ ਵੀ ਬਿਲਕੁਲ ਗੰਦੇ...।
ਬਤਾਓ ਮੇਰੇ ਖਾਣੇ ਸੇ ਉਨਕੇ ਬਰਤਨੋ ਕੋ ਕਿਆ ਹੋ ਜਾਏਗਾ...।" ਆਤਮ ਸਨਮਾਨ ਨੂੰ ਲੱਗੀ ਚੋਟ ਬਿਮਲਾ ਦੀ ਰੂਹ ਤੱਕ ਨੂੰ ਜ਼ਖਮੀ ਕਰ ਚੁੱਕੀ ਸੀ।
"ਹਾਂ ਬਰਤਨਾਂ ਨੂੰ ਤਾਂ ਕੀ ਹੁੰਦੈ..." ਮੈਂ ਕਹਿ ਕੇ ਰਸੋਈ ਵੱਲ ਪਰਤ ਗਈ।
ਚੀਨੀ ਦੇ ਕੱਪ ਕੋਲ ਰੱਖਿਆ ਵਿਮਲਾ ਲਈ ਸਟੀਲ ਦਾ ਕੱਪ ਚੁੱਕ ਕੇ ਮੈਂ ਪਰਾ ਰੱਖ ਦਿੱਤਾ। ਆਪਣੇ ਨਾਲ ਦੇ ਕੱਪ ਵਿੱਚ ਚਾਹ ਪਾਉਣ ਲੱਗੀ।
ਵਿਮਲਾ ਦਾ ਤਿੱਖੀਆਂ ਨਜ਼ਰਾਂ ਨਾਲ ਕੀਤਾ ਸਵਾਲ ਮੇਰੇ ਅੰਦਰ ਵੀ ਉਤਰ ਗਿਆ ਸੀ।
ਜਸ਼ਨਦੀਪ ਸਿੱਧੂ।








ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212






ਪੰਜਾਬੀ ਸਾਹਿਤ ਅਤੇ ਸਾਹਿਤ ਪ੍ਰੇਮੀਆਂ ਦੀ ਪਹਿਲੀ ਅਤੇ ਖਾਸ ਮੰਗ

# ਅਦਬੀ ਵਿਰਾਸਤ

ਅੰਕ 05 ਸਾਡਾ ਸਾਹਿਤ ਸਾਡੀ ਵਿਰਾਸਤ , ਸਾਡੀ ਕਲਮ ਸਾਡੀ ਪਹਿਚਾਣ




ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ , ( ਓਵਰਸੀਜ਼ ਦਫ਼ਤਰ ਕੈਲਗਿਰੀ, ਕਨੇਡਾ)


## ਬਾਪ

ਬੱਚਿਆਂ ਲਈ ਸਭ ਕੁਝ ਕਰੇ,ਜੋ ਦਿਨ ਦੇਖੇ, ਨਾ ਰਾਤ,
ਏਨਾ ਕੁੱਝ ਬੱਚਿਆਂ ਲਈ ਕਰ ਸਕਦਾ ਕੇਵਲ ਇੱਕ ਬਾਪ।
ਗਰਮੀ ਤੇ ਸਰਦੀ ਵਿੱਚ ਵੀ ਉਹ ਘਰ ਨਹੀਂ ਬਹਿੰਦਾ।
"ਮੇਰੇ ਬੱਚੇ ਭੁੱਖੇ ਸੌਣ ਨਾ,"ਉਹ ਰੱਬ ਨੂੰ ਇਹੋ ਕਹਿੰਦਾ।
ਉਹ ਵਿਹਲਾ ਬਹਿ ਕੇ ਨਾ ਸਮਾਂ ਕਦੇ ਬਰਬਾਦ ਕਰੇ।
ਆਪਣੇ ਬੱਚਿਆਂ ਨੂੰ ਕਿਰਤ ਕਰਨ ਲਈ ਤਿਆਰ ਕਰੇ।
ਹੱਕ ਬੇਗਾਨਾ ਨਾ ਖਾਣ ਬਾਰੇ ਬੱਚਿਆਂ ਨੂੰ ਸਮਝਾਵੇ।
ਜੇ ਉਹ ਗਲਤ ਰਾਹ ਤੇ ਤੁਰ ਪੈਣ,ਤਾਂ ਸਖਤੀ ਦਿਖਾਵੇ।
ਲੋੜ ਪੈਣ ਤੇ ਘੂਰੇ ਉਨ੍ਹਾਂ ਨੂੰ, ਨਾਲੇ ਰੱਜ ਕੇ ਕਰੇ ਪਿਆਰ।
ਉਹ ਸਦਾ ਹੱਸਦੇ, ਖੇਡਦੇ ਰਹਿਣ,ਇਹ ਉਸ ਦਾ ਖ਼ਾਬ।
ਸ਼ਾਲਾ! ਬੱਚਿਆਂ ਤੋਂ ਕਦੇ ਨਾ ਵਿੱਛੜੇ ਉਨ੍ਹਾਂ ਦਾ ਬਾਪ।
ਜੀਵਨ ਦਾ ਪੰਧ ਮੁਕਾਵਣ ਲਈ, ਸੇਧਾਂ ਦੇਈ ਜਾਵੇ ਆਪ।




## ਅਸੀਂ ਚੱਲਣਾ ਆਪਣੀ ਚਾਲ.......

ਦੁਨੀਆ ਦਾ ਸਭ ਤੋਂ ਵੱਡਾ ਦਬਾਅ ਇਹ ਨਹੀਂ ਹੁੰਦਾ ਕਿ ਲੋਕ ਸਾਡੇ ਬਾਰੇ ਕੀ ਸੋਚਦੇ ਹਨ, ਸਗੋਂ ਇਹ ਹੁੰਦਾ ਹੈ ਕਿ ਅਸੀਂ ਲੋਕਾਂ ਵਾਂਗ ਬਣਨ ਦੀ ਕੋਸ਼ਿਸ਼ ਕਰਨ ਲੱਗ ਪੈਂਦੇ ਹਾਂ। ਹਰ ਪਾਸੇ ਦੌੜ ਲੱਗੀ ਹੋਈ ਹੈ। ਕੋਈ ਦੌਲਤ ਦੇ ਪਿੱਛੇ ਭੱਜ ਰਿਹਾ ਹੈ, ਕੋਈ ਸ਼ੋਹਰਤ ਦੇ, ਕੋਈ ਅਹੁਦੇ ਦੇ ਅਤੇ ਕੋਈ ਲੋਕਾਂ ਦੀ ਵਾਹ-ਵਾਹ ਦੇ। ਇਸ ਭੀੜ ਵਿੱਚ ਬਹੁਤ ਸਾਰੇ ਲੋਕ ਆਪਣੀ ਪਛਾਣ ਗੁਆ ਬੈਠਦੇ ਹਨ।ਪਰ ਜ਼ਿੰਦਗੀ ਦੀ ਅਸਲ ਖੂਬਸੂਰਤੀ ਇਸ ਗੱਲ ਵਿੱਚ ਨਹੀਂ ਕਿ ਅਸੀਂ ਕਿਸੇ ਹੋਰ ਦੀ ਨਕਲ ਕਰੀਏ, ਸਗੋਂ ਇਸ ਵਿੱਚ ਹੈ ਕਿ ਅਸੀਂ ਆਪਣੀ ਚਾਲ ਚੱਲੀਏ। ਹਰ ਇਨਸਾਨ ਦਾ ਰਾਹ ਵੱਖਰਾ ਹੈ, ਉਸਦੇ ਸੁਪਨੇ ਵੱਖਰੇ ਹਨ, ਉਸਦੇ ਸੰਘਰਸ਼ ਵੱਖਰੇ ਹਨ ਅਤੇ ਉਸਦੀ ਮੰਜ਼ਿਲ ਵੀ ਵੱਖਰੀ ਹੈ। ਜੇਕਰ ਇੱਕ ਰੁੱਖ ਦੀ ਤੁਲਨਾ ਦੂਜੇ ਰੁੱਖ ਨਾਲ ਕੀਤੀ ਜਾਵੇ, ਤਾਂ ਸ਼ਾਇਦ ਦੋਵੇਂ ਹੀ ਆਪਣੇ ਆਪ ਨੂੰ ਅਧੂਰਾ ਸਮਝਣ ਲੱਗ ਪੈਣ। ਪਰ ਕੁਦਰਤ ਨੇ ਕਿਸੇ ਨੂੰ ਕਿਸੇ ਵਰਗਾ ਨਹੀਂ ਬਣਾਇਆ।

ਜਿਹੜੇ ਲੋਕ ਆਪਣੀ ਚਾਲ ਚੱਲਦੇ ਹਨ, ਉਹ ਅਕਸਰ ਇਕੱਲੇ ਨਜ਼ਰ ਆਉਂਦੇ ਹਨ। ਲੋਕ ਉਹਨਾਂ ਦੀ ਆਲੋਚਨਾ ਵੀ ਕਰਦੇ ਹਨ, ਉਹਨਾਂ ਦੇ ਫ਼ੈਸਲਿਆਂ ਉੱਤੇ ਸਵਾਲ ਵੀ ਚੁੱਕਦੇ ਹਨ। ਪਰ ਇਤਿਹਾਸ ਗਵਾਹ ਹੈ ਕਿ ਨਵੇਂ ਰਾਹ ਹਮੇਸ਼ਾ ਉਹਨਾਂ ਲੋਕਾਂ ਨੇ ਬਣਾਏ ਹਨ ਜਿਨ੍ਹਾਂ ਨੇ ਭੀੜ ਦਾ ਪਿੱਛਾ ਨਹੀਂ ਕੀਤਾ, ਸਗੋਂ ਆਪਣੇ ਜ਼ਮੀਰ ਦੀ ਆਵਾਜ਼ ਸੁਣੀ।ਆਪਣੀ ਚਾਲ ਚੱਲਣ ਦਾ ਮਤਲਬ ਜ਼ਿੱਦ ਨਹੀਂ, ਸਗੋਂ ਆਪਣੇ ਆਪ ਉੱਤੇ ਵਿਸ਼ਵਾਸ ਹੈ। ਇਹ ਉਹ ਹੌਸਲਾ ਹੈ ਜੋ ਕਹਿੰਦਾ ਹੈ ਕਿ ਭਾਵੇਂ ਸਾਰੀ ਦੁਨੀਆ ਇੱਕ ਪਾਸੇ ਹੋਵੇ, ਮੈਂ ਉਸ ਰਾਹ ਉੱਤੇ ਚੱਲਾਂਗਾ ਜਿਸਨੂੰ ਮੇਰਾ ਦਿਲ ਸਹੀ ਮੰਨਦਾ ਹੈ। ਕਿਉਂਕਿ ਜ਼ਿੰਦਗੀ ਦੇ ਅੰਤ ਵਿੱਚ ਅਸੀਂ ਲੋਕਾਂ ਦੇ ਸੁਪਨੇ ਪੂਰੇ ਕਰਨ ਲਈ ਨਹੀਂ, ਆਪਣੇ ਸੁਪਨਿਆਂ ਨੂੰ ਅਰਥ ਦੇਣ ਲਈ ਜਿਉਂਦੇ ਹਾਂ।

ਇਸ ਲਈ ਜੇ ਰਾਹ ਔਖਾ ਹੈ ਤਾਂ ਹੋਣ ਦਿਓ, ਜੇ ਸਫ਼ਰ ਲੰਮਾ ਹੈ ਤਾਂ ਹੋਣ ਦਿਓ, ਜੇ ਲੋਕ ਸਮਝਦੇ ਨਹੀਂ ਤਾਂ ਕੋਈ ਗੱਲ ਨਹੀਂ। ਬਸ ਇੱਕ ਗੱਲ ਯਾਦ ਰੱਖੋ ਦੂਜਿਆਂ ਦੀ ਦੌੜ ਵਿੱਚ ਜਿੱਤਣ ਨਾਲੋਂ ਆਪਣੀ ਚਾਲ ਵਿੱਚ ਤੁਰਨਾ ਕਿਤੇ ਵੱਧ ਵੱਡੀ ਕਾਮਯਾਬੀ ਹੈ।ਭੀੜ ਦੇ ਪੈਰਾਂ ਦੇ ਨਿਸ਼ਾਨਾਂ 'ਤੇ ਤੁਰਨਾ ਆਸਾਨ ਹੈ,ਪਰ ਆਪਣਾ ਰਾਹ ਬਣਾਉਣ ਵਾਲੇ ਹੀ ਅਸਲ ਯਾਤਰੀ ਹੁੰਦੇ ਹਨ।ਅਸੀਂ ਚੱਲਣਾ ਆਪਣੀ ਚਾਲ,ਭਾਵੇਂ ਦੁਨੀਆ ਬਦਲਦੀ ਰਹੇ ਹਰ ਹਾਲ।




## ਤੱਤੀ ਤਵੀ ਰੋਂਵਦੀ



ਤੱਤੀ ਤਵੀ ਰੋਂਵਦੀ ਲਾਹੌਰ ਤੱਤੇ ਸ਼ਹਿਰ ਨੂੰ।
ਗੁਰਾਂ 'ਤੇ ਢਾਏ ਦੱਸੇ ਜ਼ਾਲਮਾਂ ਦੇ ਕਹਿਰ ਨੂੰ।

ਹਉਕੇ ਭਰੇ ਨਾਲੇ ਚੁੰਮੇ ਗੁਰਾਂ ਦਿਆਂ ਪੈਰਾਂ ਨੂੰ,
ਰੱਬੀ ਸ਼ੋਹ ਦੇ ਨੂਰ ਕੋਲ਼ ਲੈ ਗਈ ਸੀਤ ਨੈਣਾ ਨੂੰ,
ਅੱਗ ਚਮਕਾਉਂਦੀ ਸੋਨੇ ਸਖਤ ਸੁਨਹਿਰ ਨੂੰ।
ਤੱਤੀ ਤਵੀ ਰੋਂਵਦੀ ਲਾਹੌਰ ਤੱਤੇ ਸ਼ਹਿਰ ਨੂੰ।......

ਤੱਪਦੀ ਹੋਈ ਤਵੀ ਠੰਡੀ ਠੰਡੀ ਹੋ ਗਈ ਜਾਪਦੀ,
ਰੱਬੀ ਜੋਤ ਵਿੱਚ ਉਹ ਅਭੇਦ ਹੋ ਗਈ ਜਾਪਦੀ,
ਖਿੜ੍ਹਦੇ ਗੁਲਾਬ ਸਦਾ ਸਖਤ ਦੁਪਹਿਰ ਨੂੰ।
ਤੱਤੀ ਤਵੀ ਰੋਂਵਦੀ ਲਾਹੌਰ ਤੱਤੇ ਸ਼ਹਿਰ ਨੂੰ।.......

ਤੱਤੀ ਰੇਤ ਸੀਸ ਉੱਤੇ ਅੰਮ੍ਰਿਤ ਵਰਸਾਉਂਦੀ ਰਹੀ,
ਜਹਾਂਗੀਰ ਕਾਫ਼ਰ ਨੂੰ ਲਾਹਨਤਾਂ ਉਹ ਪਾਉਂਦੀ ਰਹੀ,
ਜੜ੍ਹਾਂ ਤੋਂ ਉਖਾੜ ਦਿੱਤਾ ਮੁਗਲਾਂ ਦੀ ਠਹਿਰ ਨੂੰ।
ਤੱਤੀ ਤਵੀ ਰੋਂਵਦੀ ਲਾਹੌਰ ਤੱਤੇ ਸ਼ਹਿਰ ਨੂੰ।.....

ਅੱਗ ਦੀਆਂ ਲਪਟਾਂ ਵੀ ਝੁੱਕ ਝੁੱਕ ਜਾਂਦੀਆਂ ਨੇ,
ਸੋਡੀ ਸੁਲਤਾਨ ਅੱਗੇ ਸਿਰ ਨੂੰ ਝੁਕਾਂਦੀਆਂ ਨੇ,
ਛਾਲਿਆਂ ਨੇ ਚੀਰ ਦਿੱਤਾ ਝੂਠ ਵਾਲੀ ਗ਼ਹਿਰ ਨੂੰ।
ਤੱਤੀ ਤਵੀ ਰੋਂਵਦੀ ਲਾਹੌਰ ਤੱਤੇ ਸ਼ਹਿਰ ਨੂੰ।......

ਭਾਣਾ ਮਿੱਠਾ ਮੰਨਿਆ ਤੇ ਦਿੱਤੀ ਕੁਰਬਾਨੀ ਏ,
ਗੁਰੂ ਅਰਜਨ ਜੀ ਦੀ ਸ਼ਹੀਦੀ ਵੀ ਲਾਸਾਨੀ ਏ,
ਤਵਾਰੀਖ਼ 'ਤੇ ਉਲੀਕ ਦਿੱਤਾ ਰਾਵੀ ਵਾਲ਼ੀ ਨਹਿਰ ਨੂੰ,
ਤੱਤੀ ਤਵੀ ਰੋਂਵਦੀ ਲਾਹੌਰ ਤੱਤੇ ਸ਼ਹਿਰ ਨੂੰ।.....

ਤੱਤੀ ਰੇਤ, ਤੱਤੀ ਤਵੀ ਤੇ ਅੱਗ ਨਿਰਦੋਸ਼ ਨੇ,
ਸਮਿਆਂ ਨੂੰ ਰਹਿੰਦੇ ਸਦਾ ਜ਼ਾਲਮਾਂ 'ਤੇ ਰੋਸ ਨੇ,
ਵੰਡੀਏ ਨਾ 'ਅਰਮਨ' ਧਰਮਾਂ ਦੇ ਜ਼ਹਿਰ ਨੂੰ।
ਤੱਤੀ ਤਵੀ ਰੋਂਵਦੀ ਲਾਹੌਰ ਤੱਤੇ ਸ਼ਹਿਰ ਨੂੰ।......




## ਬਾਪੂ ਤੂੰ ਤੁਰ ਗਿਓਂ

ਬਾਪੂ ਤੂੰ ਤੁਰ ਗਿਓਂ, ਸਿਰੋਂ ਛੱਤ ਟੁੱਟ ਗਈ।
ਸਾਡੀ ਰੁੱਸ ਗਈ ਬਹਾਰ ਦੁਨੀਆਂ ਹੀ ਲੁੱਟ ਗਈ।
ਭਾਵੇਂ ਉੱਤੋਂ ਉੱਤੋਂ ਰਹਿੰਦਾ,ਸਾਨੂੰ ਘੂਰਦਾ ਸੀ ਤੂੰ।
ਔਖਾ ਸੌਖਾ ਰੀਝਾਂ ਸਾਡੀਆਂ ਨੂੰ ਪੂਰਦਾ ਸੀ ਤੂੰ।

ਕਾਹਦਾ ਛੱਡ ਕੇ ਤੂੰ ਗਿਆ
ਝੁੱਲੀ ਦੁੱਖਾਂ ਦੀ ਹਨ੍ਹੇਰੀ।
ਸਾਨੂੰ ਤੇਰੇ ਬਿਨਾਂ ਦੇਵੇ
ਕੌਣ ਹਿੰਮਤ, ਦਲੇਰੀ।
ਦੇਵੇ ਹਿੰਮਤ ਦਲੇਰੀ।
ਪੂਰੇ ਕੀਤੇ ਸਾਡੇ ਖ਼ਾਬ,
ਛੂਹਣ ਦਿੱਤਾ ਨਾ ਅਜਾਬ।
ਸਾਡੇ ਲਈ ਠੰਢਾ ਛਿੱਟਾ ਪਹਿਲੀ ਭੂਰ ਦਾ ਸੀ ਤੂੰ।
ਔਖਾ ਸੌਖਾ ਰੀਝਾਂ ਸਾਡੀਆਂ ਨੂੰ ਪੂਰਦਾ ਸੀ ਤੂੰ।

ਔਖ ਮੂਹਰੇ ਖੜ੍ਹ ਜਾਂਦਾ ਤੂੰ ਪਹਾੜ ਬਣ ਕੇ।
ਤੇਰੇ ਜਾਣ ਪਿੱਛੋਂ ਗਏ ਖਿੰਡ ਮਾਲਾ ਦੇ ਮਣਕੇ।
ਮਾਲਾ ਦੇ ਮਣਕੇ।
ਕੋਈ ਹੋ ਜਾਏ ਬੀਮਾਰ ,ਤੈਥੋਂ ਹੁੰਦਾ ਨਾ ਸਹਾਰ,
ਹੰਝੂ ਕੇਰਦਾ ਨਾ ਭਾਵੇਂ ਰਹਿੰਦਾ ਝੂਰਦਾ ਸੀ ਤੂੰ।
ਔਖਾ ਸੌਖਾ ਰੀਝਾਂ ਸਾਡੀਆਂ ਨੂੰ ਪੂਰਦਾ ਸੀ ਤੂੰ।

ਸਾਨੂੰ ਤੂੰ ਹੀ ਸੀ ਸਿਖਾਇਆ ਹੱਥੀਂ ਕਾਰ ਕਰਨਾ।
ਹਿੰਮਤ ਦਾ ਲੈ ਚੱਪੂ ਨਦੀ ਔਕੜਾਂ ਦੀ ਤਰਨਾ।
ਤੇਰੇ ਸੀ ਇਰਾਦੇ ਉੱਚੇ , ਤੇ ਸੀ ਕਰਤੱਵ ਸੁੱਚੇ,
ਹਮੇਸ਼ਾ ਦੁੱਖੜਾ ਵੰਡਾਉਂਦਾ ਮਜਬੂਰ ਦਾ ਸੀ ਤੂੰ।
ਔਖਾ ਸੌਖਾ ਰੀਝਾਂ ਸਾਡੀਆਂ ਨੂੰ ਪੂਰਦਾ ਸੀ ਤੂੰ।

ਹਰ ਬਿਪਤਾ ਦੇ ਵੇਲੇ ਤੇਰੀ ਯਾਦ ਆਈ ਐ।
ਤੇਰੀ ਦਿੱਤੀ ਸਿੱਖਿਆ ਮੈਂ ਮਨ 'ਚ ਵਸਾਈ ਐ।
ਸੂਰਜ ਠਰਦਾ ਕਦੇ ਨਾ ,ਚਾਨਣ ਮਰਦਾ ਕਦੇ ਨਾ,
'ਅਮਰ' ਸਾਡੇ ਲਈ ਰੂਪ ਕੋਹਿਨੂਰ ਦਾ ਸੀ ਤੂੰ।
ਔਖਾ ਸੌਖਾ ਰੀਝਾਂ ਸਾਡੀਆਂ ਨੂੰ ਪੂਰਦਾ ਸੀ ਤੂੰ।




## ਜੀਣ ਦਾ ਸਿੱਖ ਲੈ ਚੱਜ ਸੱਜਣਾ

ਜੀਅ ਭਰਕੇ ਜੀਅ ਲੈ ਅੱਜ ਸੱਜਣਾਂ।
ਤੂੰ ਜੀਣ ਦਾ ਸਿੱਖ ਲੈ ਚੱਜ ਸੱਜਣਾਂ।
ਅੱਜ ਭੁੱਲਜਾ ਤੂੰ ਕੱਲ੍ਹ ਬੀਤੇ ਨੂੰ।
ਕੰਮ ਚੰਗੇ ਮਾੜੇ ਕੀਤੇ ਨੂੰ।
ਕਰ ਅੱਜ ਨੂੰ ਹੀ ਤੂੰ ਜੱਜ ਸੱਜਣਾਂ।
ਜੀਅ ਭਰਕੇ ਜੀ ਲੈ................
ਨਾ ਬੀਤੇ ਕੱਲ੍ਹ ਦਾ ਜਿਕਰ ਕਰੀਂ।
ਨਾ ਆਉਣ ਵਾਲੇ ਦਾ ਫਿਕਰ ਕਰੀਂ।
ਨਾ ਤੂੰ ਲੋੜੋਂ ਬਹੁਤਾ ਭੱਜ ਸੱਜਣਾਂ।
ਜੀਅ ਭਰਕੇ ਜੀ ਲੈ................
ਝਾਤੀ ਮਾਰ ਆਪਣੇ ਅੰਦਰ ਤੂੰ।
ਤੂੰ ਤੱਕਿਆ ਕਰ ਸਮੁੰਦਰ ਨੂੰ।
ਤੂੰ ਬੱਦਲ ਬਣ ਕੇ ਗੱਜ ਸੱਜਣਾਂ।
ਜੀਅ ਭਰਕੇ ਜੀ ਲੈ................
ਕੀ ਹੋਇਆ ਔਕੜ ਆਈ ਏ।
ਢਲ਼ ਜਾਣੀ ਇਹ ਪਰਛਾਈ ਏ।
ਔਕੜ ਦੀ ਹਿੱਕ ਵਿੱਚ ਵੱਜ ਸੱਜਣਾਂ।
ਜੀਅ ਭਰਕੇ ਜੀ ਲੈ................
ਐਵੇਂ ਕਰ ਨਾ ਝੂਠੇ ਵਾਅਦੇ ਤੂੰ।
ਜੋ ਪਾਏ ਮਖੌਟੇ ਲਾਹ ਦੇ ਤੂੰ।
ਤੂੰ ਆਪਣੇ ਐਬ ਨਾ ਕੱਜ ਸੱਜਣਾਂ।
ਜੀਅ ਭਰਕੇ ਜੀ ਲੈ................

ਬੰਦਿਆ ਕੱਲ੍ਹ ਦਾ ਕੀ ਭਰੋਸਾ ਏ।
ਦੱਸ ਕਿਸੇ ਤੇ ਕਾਹਦਾ ਰੋਸਾ ਏ।
ਹੈ ਤੇਰੇ ਵਿੱਚ ਕੋਈ ਕਜ ਸੱਜਣਾਂ।
ਜੀਅ ਭਰਕੇ ਜੀ ਲੈ................
ਤੂੰ ਅਤਰ-ਫਲੇਲਾਂ ਲਾਉਂਨਾ ਏਂ।
ਬੜੇ ਸੋਹਣੇ ਕੱਪੜੇ ਪਾਉਨਾਂ ਏਂ।
ਅੰਦਰੋਂ ਵੀ ਓਵੇਂ ਈਂ ਸਜ ਸੱਜਣਾਂ।
ਜੀਅ ਭਰਕੇ ਜੀ ਲੈ................
ਭਲੂਰੀਆ ਮੋਹ-ਮੁਹੱਬਤ ਵੰਡਿਆ ਕਰ।
ਤੂੰ ਐਬ ਆਪਣੇ ਛੰਡਿਆ ਕਰ।
ਤੂੰ ਲੋਭ-ਲਾਲਚ ਨੂੰ ਤਜ ਸੱਜਣਾਂ।
ਜੀਅ ਭਰਕੇ ਜੀ ਲੈ................




## ਅੱਜ ਪਿਤਾ ਦਿਵਸ ਹੈ ਆਇਆ



ਅੱਜ ਪਿਤਾ ਦਿਵਸ ਹੈ ਆਇਆ
ਅਸੀਂ ਖੁਸ਼ੀਆਂ ਨਾਲ ਏ ਮਨਾਇਆ
ਵੱਡੀ ਭੈਣ ਵੀ ਕੇਕ ਲਿਆਈ ਏ
ਪਿਤਾ ਦਿਵਸ ਦੀ ਸਾਡੇ ਵੱਲੋਂ ਵਧਾਈ ਏ
ਜਿੰਦਗੀ ਦੀ ਬਾਜ਼ੀ ਨਾ ਕੋਈ ਹਾਰਦਾ ਏ
ਸਾਡਾ ਬਾਪੂ ਜਾਣ ਸਾਡੇ ਤੇ ਵਾਰਦਾ ਏ
ਕਮਾਉਂਦਾ ਬਾਪੂ ਹੀ ਉਹ ਚੂਰੀ
ਜਿਹੜੀ ਬੇਬੇ ਨੇ ਸਾਡੇ ਲਈ ਬਣਾਈ ਏ
ਪਿਤਾ ਦਿਵਸ ਦੀ ਸਾਡੇ ਵੱਲੋਂ ਵਧਾਈ ਏ
ਰੱਬ ਨੇ ਬਾਪੂ ਵਾਲੀ ਛਹਿ ਕੀ ਬਣਾਈ ਏ
ਖੁਸ਼ੀ ਆਪਣੇ ਹਿੱਸੇ ਦੀ ਜਿੰਨੇ ਪਰਿਵਾਰ ਤੇ ਲੁਟਾਈ ਏ
ਪਿਤਾ ਦਿਵਸ ਦੀ ਸਾਡੇ ਵੱਲੋਂ ਵਧਾਈਏ
ਬਾਪੂ ਨਾਲ ਤਾਂ ਘਰ ਚ ਰੌਣਕਾਂ ਲੱਗ ਜਾਂਦੀਆਂ
ਖੜ ਜਾਵੇ ਨਾਲ ਜਦੋਂ ਔਕੜਾਂ ਭੱਜ ਜਾਂਦੀਆਂ
ਕਰੀਏ ਸ਼ੁਕਰਾਨੇ ਰੱਬ ਤੋਂ ਰੱਬ ਦੇ ਜਿਸ ਤੋਂ
ਇਹ ਚੀਜ਼ ਸਾਨੂੰ ਥਿਆਈ ਏ
ਪਿਤਾ ਦਿਵਸ ਦੀ ਸਾਡੇ ਵੱਲੋਂ ਵਧਾਈ ਏ
ਹਜੇ ਬਹੁਤ ਕੁਝ ਸਿੱਖਣਾ ਤੁਸੀਂ ਬੱਚਿਓ
ਵਿੱਚ ਖਲਕਤ ਦੇ ਬੋਚ ਪੈਰ ਰੱਖਿਓ
ਹਰ ਇੱਕ ਚੰਗੀ ਚੀਜ਼ ਸਾਨੂੰ ਸਿਖਾਈ ਏ
ਪਿਤਾ ਦਿਵਸ ਦੀ ਸਾਡੇ ਵੱਲੋਂ ਵਧਾ




## ਸ਼ਾਂਤ ਧੁੱਪ ਵਿੱਚ ਬੈਠੀ ਮੇਰੀ ਮਾਂ



ਰੁੱਖ ਦੀ ਨਰਮ ਛਾਂ ਹੇਠਾਂ
ਜਿੱਥੇ ਧੁੱਪ ਚੁੱਪਚਾਪ ਅਸੀਸਾਂ ਵਾਂਗ ਝਰਦੀ ਹੈ,
ਉਹ ਬੈਠੀ ਹੈ —
ਦੁਨੀਆ ਤੋਂ ਕੁਝ ਵੀ ਨਹੀਂ ਮੰਗਦੀ,
ਸਿਰਫ ਆਪਣੀ ਸ਼ਾਂਤ ਮੌਜੂਦਗੀ ਦਿੰਦੀ ਹੈ।
ਉਸ ਦੀਆਂ ਅੱਖਾਂ ਵਿੱਚ ਕਹਾਣੀਆਂ ਵੱਸਦੀਆਂ ਹਨ,
ਉਹ ਕਹਾਣੀਆਂ ਜੋ ਇਨ੍ਹਾਂ ਦੀਵਾਰਾਂ ਤੋਂ ਵੀ ਪੁਰਾਣੀਆਂ ਹਨ —
ਬੇਨੀਂਦ ਰਾਤਾਂ ਦੀਆਂ,
ਅਤੇ ਉਹਨਾਂ ਦੁਆਵਾਂ ਦੀਆਂ
ਜੋ ਉਸ ਨੇ ਆਪਣੇ ਬੱਚਿਆਂ ਲਈ ਖਾਮੋਸ਼ੀ ਵਿੱਚ ਮੰਗੀਆਂ।
ਉਸ ਦੇ ਹੱਥਾਂ ਦੀਆਂ ਝੁਰੜੀਆਂ
ਉਮਰ ਦੇ ਨਿਸ਼ਾਨ ਨਹੀਂ,
ਇਹ ਤਾਂ ਪਿਆਰ ਦੀਆਂ ਲਕੀਰਾਂ ਹਨ
ਜੋ ਸਾਲਾਂ ਤੱਕ ਸੰਭਾਲਣ, ਪਾਲਣ
ਅਤੇ ਬਚਾਉਣ ਨਾਲ ਲਿਖੀਆਂ ਗਈਆਂ ਹਨ।
ਉਹ ਹੌਲੀ ਜਿਹੀ ਮੁਸਕਰਾਉਂਦੀ ਹੈ,
ਜਿਵੇਂ ਜ਼ਿੰਦਗੀ ਕਦੇ ਕਠਿਨ ਨਾ ਰਹੀ ਹੋਵੇ,
ਜਿਵੇਂ ਹਰ ਦੁੱਖ ਸਿਰਫ਼ ਇਕ ਹੋਰ ਕਾਰਨ ਸੀ
ਆਪਣੇ ਪਰਿਵਾਰ ਨੂੰ ਹੋਰ ਪਿਆਰ ਕਰਨ ਦਾ।
ਚਾਰੋਂ ਪਾਸੇ ਧਰਤੀ ਹਰੀ ਹੈ,
ਅਸਮਾਨ ਖੁੱਲ੍ਹਾ ਹੈ,
ਪਰ ਇਸ ਖਾਮੋਸ਼ ਬਾਗ ਵਿੱਚ
ਸਭ ਤੋਂ ਸੋਹਣਾ ਦ੍ਰਿਸ਼
ਉਸ ਦੇ ਚਿਹਰੇ ਦੀ ਸ਼ਾਂਤੀ ਹੈ।

ਮਾਂ ਸਿਰਫ਼ ਇਕ ਰਿਸ਼ਤਾ ਨਹੀਂ ਹੁੰਦੀ,
ਉਹ ਇੱਕ ਛਾਂ ਹੁੰਦੀ ਹੈ,
ਇੱਕ ਜੀਉਂਦੀ ਦੁਆ,
ਇੱਕ ਖਾਮੋਸ਼ ਤਾਕਤ
ਜੋ ਪੀੜੀਆਂ ਨੂੰ ਇਕੱਠਾ ਜੋੜ ਕੇ ਰੱਖਦੀ ਹੈ।
ਅਤੇ ਧੁੱਪ ਵਿੱਚ ਬੈਠੀ ਉਹ
ਸਿਰਫ਼ ਉਮਰਦਾਰ ਨਹੀਂ ਹੋ ਰਹੀ,
ਉਹ ਤਾਂ ਹੌਲੇ ਹੌਲੇ
ਇੱਕ ਜੀਉਂਦੀ ਬਰਕਤ ਬਣ ਰਹੀ ਹੈ
ਉਨ੍ਹਾਂ ਸਭ ਲਈ ਜੋ ਉਸ ਨੂੰ "ਮਾਂ"ਕਹਿੰਦੇ ਹਨ।




## ਰੁੱਖਾਂ ਦੀ ਦੇਣ

ਰੁੱਖ ਧਰਤੀ ਮਾਂ ਸ਼ਾਨ ਵਧਾਉਂਦੇ ,
ਵਾਤਾਵਰਨ ਨੂੰ ਅਨਕੂਲ ਬਣਾਉਂਦੇ,
ਹਰ ਜ਼ਿੰਦਗੀ ਨੂੰ ਖੁਸ਼ਹਾਲ ਬਣਾਉਦੇ
ਕੁਦਰਤ ਦਾ ਸਮਤੋਲ ਬਣਾਉਂਦੇ ॥

ਥੋ੍ਹੜੀ ਜਿਹੀਭੋਂਇ ਖੜੇ ਰਹਿਣ,
ਡਾਲ਼ੀ ਤੋੜੇ,ਫੁੱਲ ਤੋੜੇ ਕੁਝ ਨਾ ਕਹਿਣ
ਹਰ ਜੀਵ ਨੂੰ ਸਭ ਸੁੱਖ ਦੇਣ ,
ਧੁੱਪ ਤੇ ਝੱਖੜ ਇਹ ਆਪ ਸਹਿਣ ।

ਤਣੇ ਚੋਂ ਨਿਕਲ ਕੇ ਇਨ੍ਹਾਂ ਦੀਆਂ ਬਾਹਾਂ ,
ਵਧੀਆਂ ਜਾਵਣ ਰੱਬ ਬੰਨੇ ਉਤਾਹਾਂ,
ਫੁੱਲ ਤੇ ਖੁਸ਼ਬੋ ਦੇਵਣ ਮੈਂ ਸੁੱਖ ਪਾਵਾਂ
ਫਲ , ਕੀਮਤੀ ਲੱਕੜ ਦੇਵਣ ਜੇ ਰੁੱਖ ਲਾਵਾਂ ॥

ਕੁੱਝ ਰੱਖ ਪੂਜਣਯੋਗ ,
ਕੁੱਝ ਦੇਣ ਦਵਾਈਆਂ ,
ਕੁੱਝ ਲੱਗਣ ਵਾਂਗ ਪੁੱਤਾਂ,
ਕੁੱਝ ਜਾਪਣ ਵਾਂਗ ਭਾਈਆਂ ॥

ਰੁੱਖਾਂ ਬਾਝੋਂ ਧਰਤੀ ਸੁੰਨੀ ਜਾਪੇ ,
ਜਿਉਂ ਜੀਆਂ ਬਾਝੋਂ ਘਰ ॥
ਨਾ ਰੁੱਕੇ ਮਿੱਟੀ ਦਾ,
ਨਾ ਰੁਕਦੇ ਨੇ ਹੜ੍ਹ। ॥




## ਟੱਪੇ

ਆਕਾਸ਼ ਤੇ ਬੱਦਲ ਛਾਏ ਹੋਏ ਨੇ,
ਉਨ੍ਹਾਂ ਮਾਪਿਆਂ ਨੂੰ ਹਾਸੇ ਕੀ ਆਣੇ
ਜਿਨ੍ਹਾਂ ਦੇ ਪੁੱਤ ਨਸ਼ਿਆਂ ਨਾਲ ਮੋਏ ਨੇ।
ਅੱਗ ਚੁੱਲ੍ਹੇ 'ਚ ਬਲ ਰਹੀ ਏ,
ਉਸ ਨੂੰ ਮੰਨ ਕੇ ਨਾ ਨੁਕਸਾਨ ਹੋਵੇ
ਜਿਹੜੀ ਗੱਲ ਹੁੰਦੀ ਸਹੀ ਏ।
ਕਾਂ ਬੈਠਾ ਏ ਬਨੇਰੇ ਤੇ,
ਮੈਂ ਕਰਦਾ ਨ੍ਹੀ ਕਦੇ ਚੁਗਲੀ
ਐਵੇਂ ਸ਼ੱਕ ਨਾ ਕਰ ਮੇਰੇ ਤੇ।
ਚੰਗੇ ਸੰਸਕਾਰ ਭੁੱਲੇ ਬੱਚਿਆਂ ਨੂੰ,
ਝੂਠਿਆਂ ਨੂੰ ਕੋਈ ਮੂੰਹ ਨਾ ਲਾਵੇ
ਲੋਕੀਂ ਅੱਖਾਂ ਤੇ ਬਿਠਾਣ ਸੱਚਿਆਂ ਨੂੰ।
ਦਰਿਆ ਵਗ ਰਿਹਾ ਏ ਚੜ੍ਹ ਕੇ,
ਸਦਾ ਰਲ ਮਿਲ ਕੇ ਰਹੋ
ਕਦੇ ਕੁਝ ਨਾ ਮਿਲੇ ਲੜ ਕੇ।
ਮਣਕੇ ਖਿਲਰ ਗਏ ਗਾਨੀ ਦੇ,
ਅੱਖਾਂ ਮੱਲੋ ਮੱਲੀ ਨਮ ਹੋ ਜਾਣ
ਦਿਨ ਯਾਦ ਕਰਕੇ ਜਵਾਨੀ ਦੇ।
ਪਲੇਟ ਵਿੱਚ ਬਰਫੀ ਪਈ,
'ਮਾਨਾ' ਤੇਰੇ ਟੱਪੇ ਪੜ੍ਹ ਕੇ
ਸਹੀ ਰਸਤੇ ਪੈ ਗਏ ਕਈ।








ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212



# ਅਦਬੀ ਵਿਰਾਸਤ

ਅੰਕ 05 , 22 ਤੋਂ 28 ਜੂਨ 2026 , ਵੱਲੋਂ:- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ ( ਓਵਰਸੀਜ਼ ਦਫ਼ਤਰ ਕੈਲਗਿਰੀ,ਕਨੇਡਾ)

## ਢਾਂਚਾ ਢਿਲਕ ਗਿਆ ਸਾਰਾ

ਅਣਖ ਜਿਨ੍ਹਾਂ ਦੇਸ ਲਈ ਸੀ ਪਾਲ਼ ਕੇ ਦੱਸੀ,
ਮਿੱਟੀ ਵਿੱਚ ਹਨ ਉਹ ਰੁਲਦੇ ਦੇਖੇ।
ਜ਼ਮੀਰ ਜਿਨ੍ਹਾਂ ਦੀ ਸੀ ਮਰ-ਮਿਟ ਗਈ,
ਹਾਕਮ ਬਣ ਕੇ ਹਕੂਮਤ ਕਰਦੇ ਹਨ ਦੇਖੇ।

ਅਨਪੜ੍ਹਤਾ ਇੱਕ ਸਰਾਪ ਸੀ ਪਹਿਲਾਂ,
ਅੱਜ-ਕਲ ਵਰਦਾਨ ਬਣਦੀ ਹੈ ਮੈਂ ਦੇਖੀ।
ਪੜ੍ਹਾਈ-ਲਿਖਾਈ ਪਿੜ ਵਿੱਚ ਢਹਿੰਦੀ,
ਅਨਪੜ੍ਹਤਾ ਧੌਣ ਤੇ ਗੋਡਾ ਰੱਖਦੀ ਦੇਖੀ।

ਸੱਚ ਤੇ ਸੁੱਚਮ ਸਨ ਇਨਸਾਨੀਅਤ ਦੇ ਲੱਛਣ,
ਅੱਜ-ਕੱਲ ਜੂਠ ਤੇ ਝੂਠ ਨਾਲ ਲਿੱਬੜੀ ਦੇਖੀ।
ਦਾਗ਼ੀ ਤੇ ਅਪਰਾਧੀ ਬੇਲਗਾਮ ਹਨ ਫਿਰਦੇ,
ਸ਼ਰਾਫਤ ਡਰਦੀ ਅੰਦਰ ਵੜਦੀ ਹੈ ਦੇਖੀ।

ਖੇਤੀ-ਬਾੜੀ ਨੂੰ ਪਹਿਲਾਂ ਸੀ ਵਾੜ ਬਚਾਉਂਦੀ,
ਅੱਜ-ਕਲ ਉਲਟੀ ਵਾੜ ਖੇਤ ਨੂੰ ਖਾਂਦੀ ਹੈ ਦੇਖੀ।
ਸਮਾਜਿਕ ਕਦਰਾਂ-ਕੀਮਤਾਂ ਦੀ ਬੇਕਦਰੀ ਹੁੰਦੀ,
ਮਾਣ-ਮਰਯਾਦਾ ਦੀ ਅਨਦੇਖੀ ਹੁੰਦੀ ਹੈ ਦੇਖੀ।

ਪੰਜੇ ਵਿਕਾਰ ਅੱਜ ਨਵੀਂ ਜਨਰੇਸ਼ਨ ਨੂੰ ਚਿੰਬੜੇ,
ਜਾਨਵਰਾਂ ਤੋਂ ਘਟੀਆ ਵਰਤਾਰਾ ਕਰਦੀ ਹੈ ਦੇਖੀ।
ਜਿਹੜੀ ਜਵਾਨੀ ਅਣਖ਼ ਨਾਲ ਸੀ ਕਦੇ ਜਿਉਂਦੀ,
ਨਸ਼ਿਆਂ ਦੇ ਹੜ੍ਹ ਵਿੱਚ ਰੁੜ੍ਹਦੀ ਜਾਂਦੀ ਹੈ ਦੇਖੀ।

ਵੱਡਿਆਂ ਦੇ ਖੂੰਡੇ ਤੇ ਡੰਡੇ ਦਾ ਕਦੇ ਡਰ ਸੀ ਹੁੰਦਾ,
ਅੱਜ-ਕਲ ਪਿਓ-ਦਾਦਿਆਂ ਦੀ ਹੇਠੀ ਹੁੰਦੀ ਦੇਖੀ।
ਢਾਂਚਾ ਢਿਲਕ ਗਿਆ ਅੱਜ ਸਮਾਜ ਦਾ ਸਾਰਾ,
ਭ੍ਰਿਸ਼ਟ ਸਿਆਸਤ,ਚੂਲਾਂ ਢਿੱਲੀਆਂ ਕਰਦੀ ਦੇਖੀ।




## ਜ਼ਿਕਰ ਚਮਕੌਰ ਦੀ ਗੜ੍ਹੀ ਤੇ ਸਰਹੰਦ ਦੀ ਦੀਵਾਰ ਦਾ

ਜਦੋਂ ਜਦੋਂ ਤੱਕ ਸੰਸਾਰ ਰਿਹੇਗਾ,
ਬਾਜ਼ਾਂ ਵਾਲਿਆ ਤੇਰੀਆਂ ਕੁਰਬਾਨੀਆਂ ਨੂੰ ,
ਦੱਸਦਾ ਇਤਿਹਾਸ ਰਿਹੇਗਾ ।
ਪੱਤਾ-ਪੱਤਾ ਜਾਣਦਾ
ਘਮਸਾਣ ਦੇ ਯੁੱਧਾਂ ਨੂੰ ਸਾਰੇ ਸੰਸਾਰ ਦਾ,
ਜ਼ਿਕਰ ਹੁੰਦਾ ਰਿਹੇਗਾ
ਗੜ੍ਹੀ ਚਮਕੌਰ ਤੇ ਸਰਹੰਦ ਦੀ ਦੀਵਾਰ ਦਾ ॥
ਲੱਖਾਂ ਦੀ ਗਿਣਤੀ ਵਿੱਚ ਰਾਤ ਵੇਲੇ
ਮੁਗ਼ਲ ਸੈਨਾ ਆਈ,ਗੜ੍ਹੀ ਦੇ
ਆਸ-ਪਾਸ ਘੇਰਾਬੰਦੀ ਲਾਈ,
ਖਾਲਗਅੰਤਰਯਾਮੀ ਸਵੇਰਸਾਰ
ਯੁੱਧ ਸ਼ੁਰੂ ਹੋ ਜਾਏਗਾ,
ਜੰਗ ਲਈ ਆਪ ਪਿਤਾ ਅਜੀਤ ਨੂੰ ਸ਼ਿੰਗਾਰਦਾ,
ਜ਼ਿਕਰ ਹੁੰਦਾ ਰਿਹੇਗਾ,
ਗੜ੍ਹੀ ਚਮਕੌਰ ਤੇ ਸਰਹੰਦ ਦੀ ਦੀਵਾਰ ਦਾ॥
ਕੁੱਝ ਸਿੰਘਾਂ ਨਾਲ ਤੋਰਿਆ
ਜੰਗ ਦੇ ਮੈਦਾਨ ਨੂੰ,
ਨੇਰੀਆਂ ਝੁੱਲ ਗਈਆਂ ਤੀਰਾਂ ਨਾਲ
ਮੁਗ਼ਲਾਂ ਤੇ ਪਈ ਜਾਨ ਨੂੰ ॥
ਦੇਖ ਦਸਮੇਸ਼ ਪਿਤਾ ਖੁਸ਼ ਹੋ ਗਿਆ
ਜਦੋਂ ਗੜ੍ਹਕਿਆਂ ਵਾਂਗ ਡੁਗਣ ਮੁਗਲ ਭੋਇੰ
ਤੇ ਖ਼ਾਂ ਫੱਟ ਅਜੀਤ ਦੀ ਤਲਵਾਰ ਦਾ,
ਜ਼ਿਕਰ ਹੁੰਦਾ ਰਿਹੇਗਾ,
ਗੜ੍ਹੀ ਚਮਕੌਰ ਤੇ ਸਰਹੰਦ ਦੀਵਾਰ ਦਾ।
ਅਜੀਤ ਦੀ ਬਹਾਦਰੀ ਜੌਹਰ ਦੇਖਕੇ
ਯੁੱਧ ਮੈਦਾਨ ਵਿੱਚ,
ਹਫੜਾ-ਦਫੜੀ ਮੱਚ ਗਈ ,
ਮੁਗ਼ਲ ਸੈਨਾ ਵਿੱਚ
ਮੁੱਠੀ ਭਰ ਸਿੰਘ ਕਹਿੰਦੇ ਕਿਹੜੇ ਘੱਟ ਸੀ,
ਕਰ ਗਿਆ ਕਾਰਾ ਹੋਵੇਗਾ ਖੰਡੇ ਦੀ ਧਾਰ ਦਾ
ਜ਼ਿਕਰ ਹੁੰਦਾ ਰਿਹੇਗਾ ਗੜ੍ਹੀਚਮਕੌਰ
ਤੇ ਸਰਹੰਦ ਦੀ ਦੀਵਾਰ ਦਾ ॥
ਤਲਵਾਰਾਂ, ਤੇਗ਼ਾਂ ਬਰਸ਼ੀਆਂ ਲਿਸ਼ਕਣ,
ਯੁੱਧ ਦੇ ਮੈਦਾਨ ਵਿਚ,
ਸਿੰਘ ਸੂਰਮੇ ਸ਼ੇਰਾਂ ਵਾਂਗੂ ਗਰਜਣ,
ਯੁੱਦ ਦੇ ਮੈਦਾਨ ਵਿੱਚ,
ਰਕਤ ਨਾਲ ਗੜ੍ਹੀ ਦਾ ਮੈਦਾਨ
ਲਾਲ ਹੋ ਗਿਆ, ਆਹੂ ਲਾਉਂਦਾ
ਅਜੀਤ ਸ਼ਹੀਦ ਹੋ ਗਿਆ !
ਦੇਖ ਵੀਰ ਨੂੰ ਖੂੰਨ ਖੌਲਿਆ ਜੁਝਾਰ ਦਾ,
ਜ਼ਿਕਰ ਹੁੰਦਾ ਰਿਹੇਗਾ,
ਗੜ੍ਹੀ ਚਮਕੌਰ ਤੇ ਸਰਹੰਦ ਦੀਵਾਰ ਦਾ।
ਥਾਪੜਾ ਦੇ ਤੋਰਿਆ ਜੁਝਾਰ ਨੂੰ,
ਕੁੱਝ ਸਿੰਘਾਂ ਨਾਲ,
ਲੱਖਾਂ ਦੀ ਫੌਜ ਅੱਗੇ ਲਾ ਲਈ
ਕਰ ਗਿਆ ਕਮਾਲ ,
ਦੇਖ ਹੌਸਲਾ ਜੁਝਾਰ ਦਾ ਮੁਗ਼ਲਾਂ
ਵਿੱਚ ਸਹਿਮ ਜਿਹਾ ਛਾ ਗਿਆ,
ਛੋਟਾ ਵੀਰ ਵੀ ਸ਼ਹੀਦੀ ਪਾ ਗਿਆ
ਲੱਖਾਂ ਦੀ ਸੈਨਾ ਨੂੰ ਨਿਪਟਾਰ ਦਾ,
ਜ਼ਿਕਰ ਹੁੰਦਾ ਰਿਹੇਗਾ
ਗੜ੍ਹੀ ਚਮਕੌਰ ਤੇ ਸਰਹੰਦ ਦੀ ਦੀਵਾਰ ਦਾ
ਜਦੋਂ ਛੋਟੇ ਸਾਹਿਬਜ਼ਾਦਿਆਂ ਨੂੰ,
ਨੀਹਾਂ ਵਿੱਚ ਚਿਣਨ ਲੱਗੇ,
ਮੁਗ਼ਲ ਆਪਣਾ ਹੀ ਵਜੂਦ,
ਖ਼ਤਮ ਕਰਨ ਲੱਗੇ।
ਪਹਾੜ ਜੇਡਾ ਜੇਰਾ ਦੇਖ ਜ਼ੋਰਾਵਰ ਤੇ
ਫ਼ਤਿਹ ਸਿੰਘ ਦਾ ਮੁਗ਼ਲ ਕੰਬਣ ਲੱਗੇ ।
ਜਾਨਾਂ ਲਈਆਂ ਲਾਲਾਂ ਚੁਗਲਖੋਰ ਨੇ
ਕੰਨ ਭਰ ਮੁਗ਼ਲ ਸੂਬਾ ਸਰਕਾਰਦਾ,
ਜ਼ਿਕਰ ਹੁੰਦਾ ਰਿਹੇਗਾ ਗੜ੍ਹੀ
ਚਮਕੌਰ ਤੇ ਸਰਹੰਦ ਦੀ ਦੀਵਾਰ ਦਾ ।
ਵਾਜਾਂ ਵਾਲਿਆ ਧੰਨ ਤੂੰ ,ਧੰਨ ਤੇਰੇ
ਪੁੱਤਰਾਂ ਦੀ ਬੀਰਤਾ,
ਪਾ ਸ਼ਹਾਦਤਾਂ ਸਿੱਖੀ ਤੇ ਪੰਜਾਬੀ
ਕੌਮ ਨੂੰ ਤਾਰ ਦਿੱਤਾ,
ਸਭ ਕੁਝ ਵਾਰਨ ਵਾਲਿਆ ਸੁਨਹਿਰੀ ਪੰਨਿਆਂ ਤੇ
ਲਿਖਿਆ ਰਿਹੇਗਾ
ਇਤਿਹਾਸ ਸਿੱਖੀ ਦੇ ਸਿਰਜਨ ਹਾਰ ਦਾ,
ਜ਼ਿਕਰ ਹੁੰਦਾ ਰਿਹੇਗਾ,
ਗੜ੍ਹੀ ਚਮਕੌਰ ਤੇ ਸਰਹੰਦ ਦੀ ਦੀਵਾਰ ਦਾ




## ਪਿੰਡ ਦੀਆਂ ਗਲ਼ੀਆਂ

ਪਿੰਡ ਦੀਆਂ ਗਲ਼ੀਆਂ ਤੇ ਰਾਹ ਬੜਾ ਚੇਤੇ ਆਉਂਦੇ ਨੇ ।
ਡੰਡੀਆਂ , ਫਿਰਨੀਆਂ ਤੇ ਸੜਕ ਬੜਾ ਚੇਤੇ ਆਉਂਦੇ ਨੇ ।

ਟੋਕਰੇ ਨੂੰ ਰੱਸੀ ਬੰਨ੍ਹ ਕਿਵੇਂ ਚਿੜੀਆਂ ਨੂੰ ਫੜਨਾ ,
ਤੀਲਾਂ ਦੀ ਡੱਬੀ ਵਾਲਾ ਫੋਨ ਬੜਾ ਚੇਤੇ ਆਉਂਦੇ ਨੇ ।

ਚੁੱਕ ਮਿੱਟੀ ਵਿਚੋਂ ਜਾਮਣ੍ਹਾਂ ਨੂੰ ਪੂੰਝ ਪੂੰਝ ਖਾਂਦੇ ਸੀ ,
ਚੋਰੀ ਦੇ ਖਰਬੂਜੇ ਖਾਧੇ ਹਾਏ ਬੜਾ ਚੇਤੇ ਆਉਂਦੇ ਨੇ ।

ਟੁੱਟੇ ਹੋਏ ਪਤੰਗ ਪਿਛੇ ਕੋਠਿਆਂ ਤੋਂ ਛਾਲ ਮਾਰੀ ,
ਪਤੰਗ ਗਾਟੀ ਮਾਰ ਲੁੱਟਣਾ ਬੜਾ ਚੇਤੇ ਆਉਂਦੇ ਨੇ ।

ਜੰਜ ਘਰ ਇੱਟਾਂ ਦੀਆਂ ਕਾਰਾਂ ਨਾਲ ਖੇਡਣਾ ,
ਮਿੱਟੀ ਦੇ ਬਣਾਉਂਣੇ ਘਰ ਬੜਾ ਚੇਤੇ ਆਉਂਦੇ ਨੇ ।

ਪਰਨਾਲ਼ਿਆਂ ਦੇ ਥੱਲੇ ਮੀਂਹ ਵੇਲੇ ਕਿੱਦਾਂ ਨਹਾਉਣਾ ,
ਹਨੇਰੀ ਦੇ ਨਾਲ ਦੌੜਨਾ ਬੜਾ ਚੇਤੇ ਆਉਂਦੇ ਨੇ ।

ਕਿਵੇਂ ਖੇਤਾਂ ਦੀਆਂ ਵੱਟਾਂ ਤੇ ਸਵੇਰ ਸ਼ਾਮ ਪੜ੍ਹਦੇ ਸੀ ,
ਘੋਟੇ ਕਿੱਦਾਂ ਲਾਏ ਸਾਨੂੰ ਬੜਾ ਚੇਤੇ ਆਉਂਦੇ ਨੇ ।

ਨਲ਼ਕਾ ਵੀ ਪਿੰਡ ਵਿਚ ਕੋਈ ਕੋਈ ਹੁੰਦਾ ਸੀ ,
ਦੀਵੇ ਨਾਲ ਪੜ੍ਹਨਾਂ ਹਾਏ ਬੜਾ ਚੇਤੇ ਆਉਂਦੇ ਨੇ ।

ਗੱਡਿਆਂ ਤੇ ਰੇੜ੍ਹੀਆਂ ਦਾ ਆਪਣਾ ਜਮਾਨਾ ਸੀ ,
" ਦੀਪ " ਝਿੰਗੜਾਂ ਦੇ ਦਿਨ ਬੜਾ ਚੇਤੇ ਆਉਂਦੇ ਨੇ ।




## ਅਣਜਾਣੇ ਰਾਹਾਂ ਦਾ ਸਫ਼ਰ

ਮਨੁੱਖ ਜਿਵੇਂ-ਜਿਵੇਂ ਆਪਣੀ ਜ਼ਿੰਦਗੀ ਵਿੱਚ ਅੱਗੇ ਵੱਧਦਾ ਹੈ.. ਉਹ ਜਿਨਾਂ ਰਸਤਿਆਂ ਉੱਪਰ ਵੀ ਚੱਲਦਾ ਹੈ ਉਹ ਰਸਤੇ ਉਸ ਲਈ ਅਣਜਾਣ ਹੀ ਹੁੰਦੇ ਹਨ। ਕਿਉਂਕਿ ਉਹ ਉਹਨਾਂ ਰਸਤਿਆਂ ਉੱਪਰ ਪਹਿਲੀ ਵੱਲ ਜਾ ਰਿਹਾ ਹੈ। ਇਹ ਅਣਜਾਣ ਰਾਹਾਂ ਹੀ ਕੁਝ ਸਮਾਂ ਪਾ ਕੇ ਇਨਸਾਨ ਦੀ ਜ਼ਿੰਦਗੀ ਦੇ ਜਾਣਕਾਰ ਬਣ ਜਾਂਦੇ ਹਨ। ਅਣਜਾਣ ਲੋਕਾਂ ਵਾਂਗ ਇਹ ਰਸਤੇ ਵੀ ਸਾਡੀ ਜ਼ਿੰਦਗੀ ਵਿੱਚ ਅਣਜਾਣ ਹੀ ਹੁੰਦੇ ਹਨ। ਜਿਵੇਂ-ਜਿਵੇਂ ਅਸੀਂ ਕਿਸੇ ਇਨਸਾਨ ਦੇ ਕੋਲ ਰਹਿੰਦੇ ਹਾਂ ਉਸਨੂੰ ਮਿਲਦੀ ਗਿਲਦੇ ਹਾਂ.. ਉਸ ਨਾਲ਼ ਗੱਲਬਾਤ ਕਰਦੇ ਹਾਂ.. ਤਿਵੇਂ-ਤਿਵੇਂ ਅਸੀਂ ਉਸ ਬਾਰੇ ਜਾਣਦੇ ਹਾਂ। ਇਹ ਜ਼ਿੰਦਗੀ ਦੇ ਰਾਹ ਵੀ ਕੁਝ ਇਸ ਤਰ੍ਹਾਂ ਦੇ ਹੀ ਹਨ। ਇਹ ਵੀ ਪਹਿਲਾਂ ਸਾਡੇ ਅਣਜਾਣ ਦੋਸਤ ਹੀ ਹੁੰਦੇ ਹਨ.. ਫਿਰ ਹੌਲੀ-ਹੌਲੀ ਜਦੋਂ ਅਸੀਂ ਇਹਨਾਂ ਰਾਹਾਂ ਦੇ ਆਦੀ ਹੋ ਜਾਂਦੇ ਹਾਂ ਅਤੇ ਇਹ ਸਾਨੂੰ ਆਪਣੇ ਦੋਸਤਾਂ ਵਰਗੇ ਲੱਗਦੇ ਹਨ। ਕਦੀ ਵੀ ਇਹ ਸੋਚ ਕੇ ਜ਼ਿੰਦਗੀ ਦੇ ਕਿਸੇ ਅੱਗੇ ਵੱਧਣ ਵਾਲੇ ਰਾਹ ਤੋਂ ਪਿੱਛੇ ਨਾ ਹਟੋ ਕਿ ਅਸੀਂ ਇਸ ਰਾਹ ਨੂੰ ਨਹੀਂ ਜਾਣਦੇ। ਤੁਸੀਂ ਸੱਚ ਮੁੱਚ ਹੀ ਉਸ ਰਾਹ ਨੂੰ ਨਹੀਂ ਜਾਣਦੇ ਹੋ..! ਜਾਣਕਾਰ ਬਣ ਜਾਓਗੇ.. ਤੁਰਨ ਦੀ ਹਿੰਮਤ ਤਾਂ ਰੱਖੋ। ਜੇਕਰ ਅਸੀਂ ਪਹਿਲਾਂ ਹੀ ਉਹਨਾਂ ਰਾਹਾਂ ਬਾਰੇ ਸੁਣ ਕੇ ਡਰ ਗਏ ਤਾਂ ਫਿਰ ਜ਼ਿੰਦਗੀ ਵਿੱਚ ਅੱਗੇ ਵੱਧਣ ਦਾ ਸਵਾਦ ਨਹੀਂ ਆਉਂਦਾ। ਸਾਡੇ ਬੱਚੇ ਵੀ ਇਸੇ ਤਰ੍ਹਾਂ ਦੇ ਹੀ ਹੁੰਦੇ ਹਨ। ਉਹ ਜ਼ਿੰਦਗੀ ਦੇ ਰਾਹਾਂ ਤੋਂ ਅਣਜਾਣ ਹੁੰਦੇ ਹਨ। ਭੋਲਾਪਨ ਬਚਪਨ ਅਤੇ ਫਿਰ ਜਵਾਨੀ ਵਿੱਚ ਜਦੋਂ ਉਹ ਅੱਗੇ ਵੱਧਦੇ ਹਨ ਤਾਂ ਕਈ ਵਾਰ ਉਹਨਾਂ ਨੂੰ ਸਹੀ ਅਗਵਾਈ ਨਹੀਂ ਮਿਲਦੀ। ਉਹ ਕਿਸੇ ਅਜਿਹੇ ਵਿਅਕਤੀ ਕੋਲੋਂ ਅਣਜਾਣ ਰਾਹਾਂ ਬਾਰੇ ਸੁਣ ਲੈਂਦੇ ਹਨ ਜਿਸ ਨਾਲ਼ ਉਹ ਕਾਮਯਾਬੀ ਦੇ ਰਾਹਾਂ 'ਤੇ ਚੱਲਣ ਤੋਂ ਡਰਦੇ ਹਨ। ਪੁਰਾਣੇ ਸਮੇਂ ਵਿੱਚ ਇਸੇ ਕਰਕੇ ਬੱਚਿਆਂ ਕੋਲ਼ ਡਰਾਉਣੀਆ ਤੇ ਨਕਰਾਤਮਕ ਗੱਲਾਂ ਨਹੀਂ ਕਰਦੇ ਸਨ। ਉਹਨਾਂ ਨੂੰ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਤੁਹਾਡੇ ਸਾਥ ਅਤੇ ਹਮਦਰਦੀ ਦੀ ਜ਼ਰੂਰਤ ਹੁੰਦੀ ਹੈ। ਸਾਡੇ ਵਿੱਚੋਂ ਬਹੁਤੇ ਕਾਮਯਾਬ ਹੋਣ ਵਾਲਿਆਂ ਨੂੰ ਇਹ ਕਹਿ ਕੇ ਪਿਛਾਂ ਮੋੜ ਦਿੰਦੇ ਹਨ ਕਿ ਇਹ ਰਸਤਾ ਤਾਂ ਬਹੁਤ ਔਖਾ ਹੈ। ਭਲਾ ਉਹਨਾਂ ਨੂੰ ਕੋਈ ਇਹ ਪੁੱਛੇ... ਕਿ ਥਾਲੀ ਵਿੱਚ ਪਈ ਰੋਟੀ ਤੋਂ ਬੁਰਕੀ ਤੋੜ ਕੇ ਖਾਣੀ ਵੀ ਔਖੀ ਹੈ। ਅਣਜਾਣ ਰਾਹਾਂ ਉੱਪਰ ਚੱਲਣ ਦੀ ਕੋਸ਼ਿਸ਼ ਕਰਦਿਆਂ ਹੀ ਅਸੀਂ ਕਾਮਯਾਬ ਹੁੰਦੇ ਹਾਂ। ਫਿਰ ਇਥੋਂ ਹੀ ਸ਼ੁਰੂਆਤ ਹੁੰਦੀ ਹੈ ਆਪਣੀਆਂ ਵੱਖਰੀਆਂ ਲੀਹਾਂ ਪਾਉਣ ਦੀ। ਆਪਣੇ ਰਾਹ ਆਪ ਬਣਾਉਣ ਦੀ ਹਿੰਮਤ ਤਾਂ ਹੀ ਆਵੇਗੀ ਜੇਕਰ ਅਸੀਂ ਪਹਿਲਾਂ ਕਿਸੇ ਰਾਹਾਂ ਉੱਪਰ ਚੱਲਣ ਦੇ ਆਦੀ ਹੋਵਾਂਗੇ। ਡਰ ਨਾਲ਼ ਜੇਕਰ ਅਸੀਂ ਪਹਿਲਾਂ ਹੀ ਪਿਛਾਹ ਹੋ ਗਏ ਤਾਂ ਆਪਣੇ ਰਾਹ ਕਿਵੇਂ ਬਣਾਵਾਂਗੇ..! ਬੜੇ ਅਜਿਹੇ ਲੋਕ ਹਨ ਜੋ ਆਪਣੀ ਜ਼ਿੰਦਗੀ ਵਿੱਚ ਬਹੁਤ ਕੀਰਤੀਮਾਨ ਕਰ ਸਕਦੇ ਹਨ ਪਰ ਉਹਨਾਂ ਨੂੰ ਯੋਗ ਅਗਵਾਈ ਨਹੀਂ ਮਿਲਦੀ। ਕਿਸੇ ਦੀ ਵੀ ਕੀਤੀ ਇੱਕ ਨਿੱਕੀ ਜਿਹੀ ਕੋਸ਼ਿਸ਼ ਕਿਸੇ ਦੂਸਰੇ ਵਿਅਕਤੀ ਨੂੰ ਮੰਜ਼ਿਲਾਂ ਤੱਕ ਪਹੁੰਚਾ ਸਕਦੀ ਹੈ। ਜਦੋਂ ਵਿਅਕਤੀ ਇਹ ਕਹਿ ਕੇ ਰਾਹ ਛੱਡ ਦੇਵੇ ਕਿ ਮੈਂ ਇਹ ਰਾਹ ਨਹੀਂ ਜਾਣਦਾ ਤਾਂ ਇਹ ਉਸ ਦਾ ਗ਼ਲਤ ਫੈਸਲਾ ਵੀ ਹੋ ਸਕਦਾ ਹੈ। ਹਾਂ.. ਇਹ ਜ਼ਰੂਰ ਸੋਚਿਓ ਜਾਵੇ ਕਿ ਚੱਲਣ ਵਾਲੇ ਰਾਹ ਸਹੀ ਹਨ ਅਤੇ ਉਹਨਾਂ ਰਾਹਾਂ ਉੱਪਰ ਚੱਲ ਕੇ ਕਈਆਂ ਨੇ ਆਪਣੀ ਮੰਜ਼ਿਲ ਹਾਸਿਲ ਕੀਤੀ ਹੈ। ਅੱਜ ਸਮਾਜ ਵਿੱਚ ਮੈਂ ਇਹ ਦੇਖਿਆ ਹੈ ਕਿ ਬਹੁਤੇ ਬੱਚੇ ਔਖੇ ਰਾਹਾਂ ਉੱਪਰ ਚੱਲਣ ਤੋਂ ਪਹਿਲਾਂ ਹੀ ਹਿੰਮਤ ਹਾਰ ਦਿੰਦੇ ਹਨ। ਸਾਡੇ ਸਮਾਜ ਨੇ ਉਹਨਾਂ ਦੇ ਮਨ ਅੰਦਰ ਕੁਝ ਅਜਿਹਾ ਪਾ ਦਿੱਤਾ ਹੁੰਦਾ ਹੈ ਕਿ ਉਹ ਕੱਢ ਹੀ ਨਹੀਂ ਪਾਉਂਦੇ। ਔਖੇ ਟੈਸਟ ਦੇਣ ਤੋਂ ਡਰਦੇ ਹਨ। ਬਾਰ-ਬਾਰ ਕੋਸ਼ਿਸ਼ ਕਰਨ ਤੋਂ ਘਬਰਾਉਂਦੇ ਹਨ। ਸਾਡਾ ਮਨ ਬੜਾ ਨਾਜ਼ੁਕ ਚੀਜ਼ ਹੈ.. ਜੇਕਰ ਇਹ ਕਿਸੇ ਵੇਲੇ ਕਿਸੇ ਚੀਜ਼ ਦੀ ਪਕੜ ਕਰ ਲਵੇ ਤਾਂ ਇਸ ਨੂੰ ਉਸ ਪਕੜ ਵਿੱਚੋਂ ਛੁਡਾਉਣਾ ਬਹੁਤ ਮੁਸ਼ਕਲ ਹੁੰਦਾ ਹੈ। ਘਰ ਵਿੱਚ ਮਾਪਿਆਂ ਦਾ ਅਤੇ ਸਕੂਲ ਵਿੱਚ ਅਧਿਆਪਕਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਬੱਚਿਆਂ ਨੂੰ ਕਦੀ ਵੀ ਕਿਸੇ ਸਬਜੈਕਟ ਦੇ ਔਖੇ ਹੋਣ ਦਾ ਡਰ ਨਾ ਪਾਉਣ। ਉਹਨਾਂ ਅੰਦਰ ਇਹ ਜਜ਼ਬਾ ਭਰਨ ਕਿ ਤੁਸੀਂ ਜ਼ਿੰਦਗੀ ਵਿੱਚ ਹਰ ਕੰਮ ਕਰ ਸਕਦੇ ਹੋ। ਤੁਹਾਡੇ ਅੰਦਰ ਉਹ ਤਾਕਤ ਹੈ ਤੁਸੀਂ ਆਪਣੇ ਅੰਦਰੋਂ ਉਸ ਸੁੱਤੀ ਤਾਕਤ ਨੂੰ ਜਗਾਉਣਾ ਹੈ। ਕੁਝ ਨਕਾਰਾਤਮਕ ਸ਼ਬਦ ਇਨਸਾਨ ਦੀ ਜ਼ਿੰਦਗੀ ਨੂੰ ਅਪਾਹਜ ਬਣਾ ਦਿੰਦੇ ਹਨ। ਅਤੇ ਕੁਝ ਸਕਰਾਤਮਕ ਸ਼ਬਦ ਇਨਸਾਨ ਦੀ ਜ਼ਿੰਦਗੀ ਨੂੰ ਅਜਿਹੇ ਮੁਕਾਮ ਤੱਕ ਪਹੁੰਚਾ ਦਿੰਦੇ ਹਨ ਕਿ ਜਿੱਥੇ ਪਹੁੰਚਣਾ ਉਸ ਵਿਅਕਤੀ ਨੇ ਕਦੀ ਸੋਚਿਆ ਵੀ ਨਹੀਂ ਹੁੰਦਾ। ਜ਼ਿੰਦਗੀ ਵਿੱਚ ਮੰਜ਼ਿਲਾਂ ਨੂੰ ਸਰ ਕਰਨਾ ਬਹੁਤ ਜ਼ਰੂਰੀ ਹੈ। ਇਹਨਾਂ ਮੰਜ਼ਿਲਾਂ ਨੂੰ ਸਰ ਕਰਨ ਦੇ ਲਈ ਕੋਈ ਇੱਕ ਦੋ ਦਿਨ ਦਾ ਸਮਾਂ ਨਹੀਂ ਲੱਗਦਾ। ਪਹਿਲਾ ਮਨ ਨੂੰ ਘੜਨਾ ਪੈਂਦਾ ਹੈ, ਆਪਣੇ ਅੰਦਰਲੇ ਨੂੰ ਪਛਾਨਣਾ ਪੈਂਦਾ ਹੈ, ਇਰਾਦਿਆਂ ਨੂੰ ਮਜ਼ਬੂਤ ਕਰਨਾ ਪੈਂਦਾ ਹੈ। ਔਖੇ ਰਾਹਾਂ ਦੇ ਪਾਂਧੀ ਬਣਨਾ ਪੈਂਦਾ ਹੈ। ਆਪਣੇ ਅੰਦਰੋਂ ਆਪਣੀ ਹੋਂਦ ਨੂੰ ਮਿਟਾ ਕੇ ਸਿਰਫ ਆਪਣੇ ਮਕਸਦ ਲਈ ਅੱਗੇ ਵੱਧਣ ਦਾ ਜਜ਼ਬਾ ਪੈਦਾ ਕਰਨਾ ਪੈਂਦਾ ਹੈ। ਸਦਾ ਇਸ ਗੱਲ ਨੂੰ ਯਾਦ ਰੱਖਣਾ ਕਿ ਕੋਈ ਵੀ ਰਾਹ ਔਖਾ ਨਹੀਂ ਹੁੰਦਾ। ਔਖੇ ਸਾਡੇ ਮਨ ਦੇ ਖਿਆਲਾਤ ਅਤੇ ਭਾਵ ਹੁੰਦੇ ਹਨ। ਜਦੋਂ ਅਸੀਂ ਆਪਣੇ ਮਨ ਦੇ ਖਿਆਲਾਂ ਤੇ ਭਾਵਨਾਵਾਂ ਨੂੰ ਸੌਖਿਆਂ ਕਰ ਲਿਆ ਤਾਂ ਸਾਡੇ ਰਸਤੇ ਆਪਣੇ ਆਪ ਸੌਖੇ ਹੋ ਜਾਂਦੇ ਹਨ। ਜ਼ਿੰਦਗੀ ਵਿੱਚ ਅੱਗੇ ਵੱਧਦੇ ਹਿੰਮਤ ਰੱਖਣੀ ਬਹੁਤ ਜ਼ਰੂਰੀ ਹੈ। ਮਨ ਵਿਚਲੇ ਸਾਰੇ ਉਲਾਮੇ ਅਤੇ ਸ਼ਿਕਵੇ ਤਾਂ ਹੀ ਦੂਰ ਹੋਣਗੇ.. ਜਦੋਂ ਅਸੀਂ ਆਪ ਹਿੰਮਤ ਕਰਾਂਗੇ। ਪਹਿਲਾਂ ਪੁਰਾਣੇ ਰਾਹਾਂ ਨੂੰ ਅਪਨਾਉ ਅਤੇ ਫਿਰ ਆਪਣੇ ਅੰਦਰਲੀ ਸ਼ਕਤੀ ਨੂੰ ਪਛਾਣ ਕੇ ਨਵੇਂ ਰੱਥ ਬਣਾਉਣ ਦੇ ਕਾਬਲ ਬਣੋ। ਅੰਦਰੋਂ ਅੰਦਰੀ ਝੁਰਨ ਨਾਲ਼ ਕੁਝ ਨਹੀਂ ਹੁੰਦਾ। ਜ਼ਿੰਦਗੀ ਵਿੱਚ ਅੱਗੇ ਵੱਧਣਾ ਪੈਂਦਾ ਹੈ। ਜੋ ਅੱਜ ਖ਼ਾਸ ਹਨ ਉਹ ਵੀ ਕਦੀ ਆਮ ਹੀ ਸਨ। ਉਹਨਾਂ ਦੀ ਹਿੰਮਤ ਸਿਰੜ ਅਤੇ ਸਿਦਕ ਨੇ ਉਹਨਾਂ ਨੂੰ ਖ਼ਾਸ ਬਣਾਇਆ ਹੈ । ਆਪਣੀ ਅੰਦਰਲੀ ਜਗਿਆਸਾਂ ਨੂੰ ਜਗਾਉਣ ਦੀ ਜ਼ਰੂਰਤ ਹੈ। ਰਾਹਾਂ ਉੱਪਰ ਚੱਲਣ ਦੀ ਤਾਕਤ ਅਤੇ ਹਿੰਮਤ ਜ਼ਰੂਰੀ ਹੈ। ਸੋ ਮੇਰੇ ਪਿਆਰੇ ਦੋਸਤੋ...! ਜ਼ਿੰਦਗੀ ਵਿੱਚ ਕਦੇ ਵੀ ਕਿਸੇ ਦੌੜ ਵਿੱਚ ਪੈਣ ਦੀ ਜ਼ਰੂਰਤ ਨਹੀਂ ਹੁੰਦੀ। ਸਗੋਂ ਆਪਣੇ ਆਪ ਨੂੰ ਵੱਖਰੇ ਮੁਕਾਮ ਤੇ ਪਹੁੰਚਾਉਣ ਦੀ ਜ਼ਰੂਰਤ ਹੁੰਦੀ ਹੈ। ਮੇਰੀਆਂ ਆਸਾਂ ਉਮੀਦਾਂ ਅਤੇ ਚੰਗੀਆਂ ਭਾਵਨਾਵਾਂ ਹਮੇਸ਼ਾ ਤੁਹਾਡੇ ਨਾਲ਼ ਜੁੜੀਆਂ ਰਹਿਣਗੀਆਂ। ਆਓ ਅਸੀਂ ਸਾਰੇ ਇੱਕ-ਇੱਕ ਕਦਮ ਵਧਾ ਕੇ ਨਵੇਂ ਰਾਹਾਂ ਉੱਪਰ ਚੱਲੀਏ ਅਤੇ ਇਸ ਜ਼ਿੰਦਗੀ ਨੂੰ ਖੂਬਸੂਰਤ ਬਣਾਈਏ। ਯਾਦ ਰੱਖਣਾ.. ਕੁਝ ਵੀ ਮੁਫ਼ਤ ਵਿੱਚ ਨਹੀਂ ਮਿਲਦਾ.. ਹਿੰਮਤ ਅਤੇ ਹੌਂਸਲਾ ਸਭ ਨੂੰ ਕਰਨਾ ਪੈਂਦਾ ਹੈ। ਸਦਾ ਖੁਸ਼ ਰਹੋ.. ਹੱਸਦੇ ਵੱਸਦੇ ਰਹੋ ਪਿਆਰਿਓ।




## ਮੇਰੀ ਮਾਂ

ਆਖਿਆ ਸੀ ਮੈਨੂੰ ਮਾਂ ਮੇਰੀ ਨੇ,
ਕਿਸੇ ਦੇ ਹੱਕ ਤੇ ਅੱਖ ਨਾ ਰੱਖੀਂ।
ਰੱਬ ਨੇ ਤੈਨੂੰ ਸਭ ਕੁਝ ਦੇਣਾ,
ਰੱਬ ਤੇ ਬੱਸ ਭਰੋਸਾ ਰੱਖੀਂ।

ਹੱਕ ਕਿਸੇ ਦਾ ਖਾਧਾ ਨਾ ਮੈਂ,
ਬੜਾ ਭਰੋਸਾ ਰੱਬ ਤੇ ਕਰਿਆ।
ਲਾਲਚ ਕਦੇ ਨਾ ਹਾਵੀ ਹੋਇਆ,
ਬੱਸ ਮੈਂ ਇੱਕੋ ਰੱਬ ਤੋਂ ਡਰਿਆ।

ਹੌਲ਼ੀ ਹੌਲ਼ੀ ਸਮਾਂ ਗੁਜ਼ਰਿਆ,
ਇੱਕ ਇੱਕ ਕਰਕੇ ਸਾਲ ਬੀਤਿਆ।
ਸ਼ਰੀਕ ਜੋ ਬਣਕੇ ਖੜ੍ਹੇ ਹੋ ਗਏ,
ਆਪਣਿਆ ਦੇ ਨਾਲ ਬੀਤਿਆ।

ਸੋਚਿਆ ਨਾ ਸੀ ਉਹ ਜਦ ਹੋਇਆ
ਇੱਕ ਦਿਨ ਧੱਕਾ ਐਸਾ ਵੱਜਿਆ।
ਰਹਿ ਗਿਆ ਇਕੱਲਾ ਖੜ੍ਹਾ ਦੇਖਦਾ,
ਹਰ ਇੱਕ ਰਿਸ਼ਤਾ ਛੱਡਕੇ ਭੱਜਿਆ।

ਸਾਰਿਆਂ ਵੱਲ ਨੂੰ ਤੱਕਦਾ ਹਾਂ ਮੈਂ,
ਕੋਈ ਨਾ ਤੱਕਦਾ ਮੇਰੇ ਵੱਲ।
ਕਿਸਨੂੰ ਦਿਲ ਦਾ ਹਾਲ ਸੁਣਾਵਾਂ,
ਕਿਸ ਨਾਲ ਕਰਾਂ ਮੈਂ ਦਿਲ ਦੀ ਗੱਲ।

ਮਾਂ ਦੇ ਓਸ ਹੌਂਸਲੇ ਕਰਕੇ,
ਇਕੱਲਾ ਲੜਨਾ ਸਿੱਖ ਗਿਆ ਹਾਂ।
ਮੰਜ਼ਿਲ ਵਾਲੀ ਔਖੀ ਪਉੜੀ,
ਇਕੱਲਾ ਚੜ੍ਹਨਾ ਸਿੱਖ ਗਿਆ ਹਾਂ।

ਮੈਨੂੰ ਅੱਜ ਬੁਲਾਉਂਦੀ ਨਾ ਉਹ ,
ਭਾਵੇਂ ਮਾਂ ਮੇਰੇ ਨਾਲ ਲੜੀ ਏ।
ਲੋਕੋ ' ਰਾਜਾ ' ਇਕੱਲਾ ਨਹੀਓਂ,
ਅੱਜ ਵੀ ਮਾਂ ਮੇਰੇ ਨਾਲ ਖੜ੍ਹੀ ਏ।




## ਸੱਚੀ ਮੁਹੱਬਤ

ਮੁਹੱਬਤ ਯਾਰੋ ਸ਼ਬਦ ਹੈ ਐਸਾ,
ਜਿਸ ਦੇ ਅੱਖਰ ਚਾਰ।
ਇਹ ਮੁਹੱਬਤ ਜਿਸ ਦਿਲ 'ਚੋਂ ਝਲਕੇ,
ਉਹਨੂੰ ਸਿੱਜਦੇ ਹੋਣ ਹਜ਼ਾਰ।
ਲੱਖਾਂ ਪ੍ਰੇਮੀ ਇਸ ਦੀ ਖ਼ਾਤਿਰ,
ਹੋਵਣ ਪਏ ਬੇਕਰਾਰ।
ਹਾਲੋਂ ਬੇਹਾਲ ਹੋਵਣ ਅਨੇਕਾਂ,
ਲੁੱਟਿਆ ਚੈਨ ਕਰਾਰ।
ਅਨੇਕ ਸੱਸੀਆਂ ਸਮਾਜਿਕ ਰੇਤਿਆਂ,
ਲਈਆਂ ਨੇ ਡਕਾਰ।
ਅਨੇਕ ਸੋਹਣੀਆਂ ਝਨਾਂ ਦੇ ਪਾਣੀਆਂ,
ਲਈਆਂ ਨੇ ਸੰਘਾਰ।
ਕਈਆਂ ਦੇ ਪੈਰ ਇਨੀਂ ਰਾਹੀਂ ਤੁਰ ਤੁਰ ਪਾਟੇ,
ਸਾਲੂ ਉਹਨਾਂ ਦੇ ਹੋਏ ਲੰਗਾਰ।
ਜਿੰਦ ਨਿੱਕੀ ਤੇ ਪੈਂਡੇ ਡਾਹਢੇ,
ਚੱਲਣਾ ਹੋਇਆ ਦੁਸ਼ਵਾਰ।
ਅਫ਼ਸੋਸ ਅੱਜ ਤਾਂਈਂ ਕਈ ਨਾ,
ਹੋ ਸਕੇ ਮੁਹੱਬਤ ਦੇ ਹੱਕਦਾਰ।
ਜਿਹੜਾ ਨੱਚਿਆ ਮੁਰਸ਼ਦ ਦੇ ਦਰ 'ਤੇ,
ਅੱਡੀ ਝਾਂਜਰ ਮਾਰ।
'ਚੰਦੀ' ਉਹਨੂੰ ਹੀ ਮਿਲੇ ਬੁੱਲੇ ਵਾਕਣ,
ਉਹਦਾ ਦਿਲਬਰ ਬਾਂਹ ਪਸਾਰ।




## ਨਜ਼ਰਾਂ

ਮੇਰੀਆਂ ਨਜ਼ਰਾਂ 'ਚ ਨਜ਼ਰਾਂ ਮਿਲਾਕੇ ਤਾਂ ਵੇਖ,
ਇਸ ਸਮੁੰਦਰ ਦੀਆਂ ਲਹਿਰਾਂ 'ਚ ਆ ਕੇ ਤਾਂ ਵੇਖ।
ਮੇਰੇ ਹੂੰਝਆਂ 'ਚ, ਮੈਨੂੰ ਬਲਦੀ ਤਾਂ ਵੇਖ,
ਬਿਨ ਤੀਲੀ ਤੋਂ ਅੱਗ 'ਚ ਸੜਦੀ ਤਾਂ ਵੇਖ।
ਮੇਰੀਆਂ ਭਿੱਜੀਆਂ ਪਲਕਾਂ, ਗ਼ੌਰ ਨਾਲ ਵੇਖ,
ਗੁਜ਼ਰੇ ਹੋਏ ਦੌਰ ਨਾਲ ਵੇਖ।
ਟਪਕਦੇ ਹੋਏ ਇਨਾਂ ਮੋਤੀਆਂ ਨੂੰ,
ਚੁੱਕ ਕੇ ਸੀਨੇ ਲਾ ਕੇ ਤਾਂ ਵੇਖ।
“ਬਲਜਿੰਦਰ” ਦੀਆਂ ਅੱਖਾਂ ਨੂੰ ਪੜ੍ਹ ਕੇ ਤਾਂ ਵੇਖ,
ਆਏ ਹੜ੍ਹ ਵਿੱਚ ਵੜ੍ਹ ਕੇ ਤਾਂ ਵੇਖ।
ਮੇਰੀਆਂ ਨਜ਼ਰਾਂ 'ਚ ਨਜ਼ਰਾਂ ਮਿਲਾਕੇ ਤਾਂ ਵੇਖ,
ਇਸ ਸਮੁੰਦਰ ਦੀਆਂ ਲਹਿਰਾਂ 'ਚ ਆ ਕੇ ਤਾਂ ਵੇਖ।




## ਪਾਣੀ

ਪਾਣੀ ਸਭ ਜੀਵਾਂ ਦਾ ਅਧਾਰ,
ਹਰ ਕੋਈ ਜਿਉਂਦਾ ਇਸ ਦੇ ਨਾਲ,
ਪਾਣੀ ਬਿਨ ਹੋਂਦ ਨਾ ਕੋਈ ,
ਸਭ ਨੂੰ ਕਰਦਾ ਹੈ ਖੁਸ਼ਹਾਲ ॥
ਸਾਰੇ ਜੀਅ ਰੁੱਖ ਤੇ ਹੋਰ ,
ਸਭ ਜੀਵਣ ਪਾਣੀ ਦੇ ਜ਼ੋਰ,
ਸਾਵਣ ਆਵੇ ਬੱਦਲ ਬਣ ਕੇ,
ਫਿਰ ਪੈਲਾਂ ਪਾਉਂਦੇ ਮੋਰ ॥
ਧਰਤੀ ਦੀ ਪਿਆਸ ਬੁਝਾਉਂਦਾ ,
ਫਸਲਾਂ ਦੇ ਵਿੱਚ ਜਾਨ ਪਾਉਂਦਾ,
ਵਰਸੇ ਮੇਘਲਾ ਰੁੱਖਾਂ ਨੂੰ ਚਮਕਾਉਂਦਾ
ਵਾਤਾਵਰਨ ਨੂੰ ਹੈ ਸਾਫ ਬਣਾਉਂਦਾ ।
ਨਦੀਆਂ,ਨਾਲੇ,ਝਰਨੇ ਦਰਿਆ ਬਣਦੇ ,
ਬੱਦਲ ਬਣ ਕੇ ਵਰਸੇ ਹੜ੍ਹ ਬਣਦੇ,
ਗੰਦਗੀ,ਚਿੱਕੜ ਸਭ ਰੁੜ ਜਾਂਦੇ ,
ਪੌਦੇ, ਫੁੱਲ-ਪੱਤੀਆਂ ਨਿੱਖਰ ਜਾਂਦੇ ।
ਪਾਣੀ ਵਿੱਚ ਹੈ ਨਿਮਰਤਾ ,
ਨਿਰੰਤਰਤਾ ਦਾ ਪ੍ਰਤੀਕ ,
ਮੰਜ਼ਿਲ ਵੱਲ ਵਧਦਾ ਜਾਏ,
ਲਾ ਧਰਤੀ ਮਾਂ ਸੰਗ ਪ੍ਰੀਤ ॥
ਪਾਣੀ ਨਾਲ ਹੈ ਇੱਥੇ ਮੰਗਲ,
ਬਾਗ-ਬਹਾਰਾਂ ਸਭ ਪਾਣੀ ਨਾਲ,
ਨਾ ਹੋਏ ਦੂਸ਼ਿਤ ਨਾ ਹੋਏ ਬੇ ਕਦਰੀ,
ਰਲ਼ ਸਾਰੇ ਕਰੀਏ ਸਾਂਭ-ਸੰਭਾਲ ॥
ਇੱਕ ਹਿੱਸਾ ਖੁਸ਼ਕੀ ਤਿੰਨ ਹਿੱਸੇ ਪਾਣੀ ,
ਸਭ ਜੀਵਾਂ ਦੀ ਵੀ ਇਹੀ ਹੈ ਕਹਾਣੀ,
ਸੋਨਾ,ਚਾਂਦੀ,ਹੀਰੇ ਪੈਸੇ ਜਸਵਿੰਦਰ
ਸਭ ਤੋਂ ਅਨਮੋਲ ਪਾਣੀ ॥




## ਬਸ ਨਵ ਦਾ

ਤੇਰੇ 'ਤੇ ਨਜ਼ਮਾਂ ਲਿਖਦਿਆਂ ਲਿਖਦਿਆਂ
ਚਿਤ ਕਰੇ ਤੇਰੇ 'ਤੇ ਕਿਤਾਬ ਲਿਖ ਦਵਾਂ

ਮਹਿਕੇ ਤੇਰੇ ਕਿਰਦਾਰ ਦਾ ਕਣ ਕਣ
ਤੇਰੀ ਸੂਰਤ ਨੂੰ ਸੋਹਣਾ ਕੋਈ ਗੁਲਾਬ ਲਿਖ ਦਵਾਂ

ਤੇਰੇ ਬੋਲ ਰੱਬੀ ਸੰਗੀਤ ਜਿਹੇ ਜਾਪਣ
ਤੈਨੂੰ ਸੁਣ ਕੇ ਮੇਰੇ ਅੰਦਰ ਜੋ ਵੱਜੇ
ਉਹਨੂੰ ਕੋਈ ਰੱਬੀ ਰਬਾਬ ਲਿਖ ਦਵਾਂ

ਇਸ ਜਨਮ ਦਾ ਤਾਂ ਲੱਗਦਾ ਨਹੀਂ
ਕੋਈ ਪਿਛਲੇ ਕਰਮਾਂ ਦਾ ਹਿਸਾਬ ਲਿਖ ਦਵਾਂ

ਬਸ 'ਨਵ' ਦਾ ਜੇ ਚੱਲੇ ਕੁਦਰਤ 'ਤੇ
ਪੂਰਾ ਹੋ ਜਾਵੇ ਤੇਰਾ ਹਰ ਖਾਬ ਲਿਖ ਦਵਾਂ




ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "







E-mail:- adbivirsat@gmail.com
WHATSAPP NUMBER :- 89689 - 33711 , 98720 - 79212

# ਅਦਬੀ ਵਿਰਾਸਤ

ਅੰਕ 05 , 22 ਤੋਂ 28 ਜੂਨ 2026 , ਵੱਲੋਂ:- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ ( ਓਵਰਸੀਜ਼ ਦਫ਼ਤਰ ਕੈਲਗਿਰੀ,ਕਨੇਡਾ)


## ਸ਼ਰਮਿੰਦਗੀ

ਗੀਤਾ ਨੂੰ ਆਉਂਦੇ ਦੇਖ ਕੱਪੜੇ ਤੈਅ ਕਰਦੀ ਸੁਮਨ ਨੇ ਕਿਹਾ,"ਗੀਤਾ ਮੈਂ ਉਡੀਕੀ ਜਾਨੀ ਆਂ...ਤੂੰ ਅੱਜ ਇੰਨਾਂ ਕੁਵੇਲਾ ਕਰ ਦਿਤਾ...।"

ਗੀਤਾ ਦੇ ਚਿਹਰੇ ਤੇ ਚਿੰਤਾ ਸੀ...ਉਹ ਔਖੀ ਜਿਹੀ ਹੋ ਕੇ ਚਲ ਰਹੀ ਸੀ...ਸੁਮਨ ਦੇ ਨੇੜੇ ਆ ਉਸ ਨੇ ਕਿਹਾ,"ਬੀਬੀ ਜੀ ਅੱਜ ਮੈਂ ਪੋਚਾ ਨਹੀਂ ਲਾ ਸਕਦੀ...ਝਾੜੂ ਤਾਂ ਮੈਂ ਔਖੇ-ਸੌਖੇ ਲਾ ਦੇਵਾਂਗੀ...।"

ਕੱਪੜਿਆਂ ਨੂੰ ਤੈਅ ਕਰਦੀ ਸੁਮਨ ਰੁਕ ਗਈ ਸੀ...,"ਕਿਉਂ ਅੱਜ ਕੀ ਹੋ ਗਿਆ...?"

ਬੀਬੀ ਜੀ ਕੀ ਦਸਾਂ ਮੇਰਾ ਤਾਂ ਹੱਡ-ਹੱਡ ਭੰਨਿਆ ਪਿਐ...ਕੱਲ ਸ਼ਾਮ ਮੇਰੇ ਘਰਵਾਲੇ ਨੇ ਕੁੱਟਿਆ...।"

"ਕਿਉਂ...?"ਸੁਮਨ ਨੇ ਕਿਹਾ।

"ਕਈ ਦਸਾਂ ਜੀ..ਕੱਲ ਮੈਂ ਸ਼ਾਮ ਤੱਕ ਸੋਡੇ ਕੋਲ ਕੰਮ ਕਰਦੀ ਰਹੀ...ਤੁਸੀਂ ਬਾਰ-ਬਾਰੀਆਂ,ਪੱਖੇ ਘਰ ਦੀ ਸਫਾਈ ਕਰਵਾਉਂਦੇ ਰਹੇ...ਮੇਰਾ ਫੋਨ ਕਿਤੇ ਬੰਦ ਸੀ...ਮੈਂ ਇੱਕ ਦੋ ਵਜੇ ਤੱਕ ਘਰ ਜਾਂਦੀ ਹਾਂ...ਕੱਲ ਛੇ ਵੱਜ ਗਏ...।ਸਾਰਾ ਟੱਬਰ ਮੈਨੂੰ ਫੋਨ ਕਰਦਾ ਰਿਹਾ... ਮੇਰਾ ਫੋਨ ਲੱਗਦਾ ਨਹੀਂ ਸੀ...ਮੇਰੇ ਘਰਵਾਲਾ ਕਹਿੰਦਾ ਤੇਰਾ ਫੋਨ ਕਿਉਂ ਬੰਦ ਸੀ...ਤੂੰ ਸਾਰਾ ਦਿਨ ਕਿੱਥੇ ਸੀ....ਓਹਨੇ ਮੈਨੂੰ ਬਹੁਤ ਕੁੱਟਿਆ...ਹਾਏ...।"ਆਪਣੇ ਸ਼ਰੀਰ ਤੇ ਪਏ ਨਿਸ਼ਾਨ ਸੁਮਨ ਨੂੰ ਦਿਖਾਉਂਦੇ ਉਸ ਨੇ ਕਿਹਾ।

'ਓਹ ਹੋ ! ਅੜੀਏ ,ਇਹ ਕੀ ਹੋ ਗਿਆ ਮੇਰੇ ਕੋਲੋਂ ? ਫੋਨ ਤਾਂ ਮੈਂ ਬੰਦ ਕੀਤਾ ਸੀ ,ਬਈ ਐਵੇਂ ਕੰਮ ਨਾਂ ਛੁਡਵਾਏ ਕੋਈ । ਵੱਡੀ ਭੁੱਲ ਹੋ ਗਈ ' ਮੇਚਾ ਪਲੋਸ ਦੀ ਹੋਈ ਸੁਮਨ ਦੇ ਵੀ ਅੱਖਾਂ ਚ ਹੰਝੂ ਆ ਗਏ ।

'ਆਹ ਫੜ ਪੰਜ ਸੋ ਦਵਾਈ ਲੈ ਜਾ ਕੇ ਚਲ ,ਛੱਡ ਕੰਮ । ਤੂੰ ਆਰਾਮ ਕਰ ' ਸੁਮਨ ਨੇ ਗੀਤਾ ਹੱਥੋਂ ਝਾੜੂ ਫੜਦਿਆਂ ਕਿਹਾ ।




## ਜਿਉਣ ਜੋਗਿਆ

ਹੁਣ ਅਵਾਜ ਨਾ ਦੇਵੀ ਜਿਉਣ ਜੋਗਿਆ,
ਖੁਸ਼ ਰਹਿ ਜਿਸਦਾ ਤੂੰ ਹੋ ਗਿਆ,,

ਕਮਲੀ ਨੂੰ ਤੂੰ ਦੁੱਤਕਾਰ ਗਿਆ,
ਕਰ ਜਲੀਲ ਉਸਦਾ ਪਿਆਰ ਗਿਆ,,

ਸੌਗਾਤ ਹਰਫ਼ਾਂ ਦੀ ਝੋਲੀ ਪਾ ਗਿਆ,
ਸ਼ਾਇਰਾ ਮੰਨਤ ਨੂੰ ਬਣਾ ਗਿਆ,,

ਮਾਣ ਖੁਸ਼ੀਆਂ ਤੂੰ ਸਭ ਸੁੱਖ ਹੰਡਾ,
ਤੇਰੀ ਖੈਰ ਮੰਗੇ ਪੋਟਾ ਪੋਟਾ ਮੇਰਾ,,

ਤੈਨੂੰ ਅਵਾਜ ਨਹੀ ਦੇਣੀ ਤਾਹ ਉਮਰ,
ਭਾਵੇਂ ਦਿਲ ਨੂੰ ਰਹੇਗੀ ਤੇਰੀ ਫ਼ਿਕਰ,,

ਕਦੀ ਬੁੱਲ੍ਹਾ ਤੇ ਨਾ ਆਊ ਤੇਰਾ ਜ਼ਿਕਰ,
ਜਿਉਂਦਾ ਰਹਿ ਜਿਉਣ ਜੋਗਿਆ,,

ਸੋਹਣਾ ਹੋਇਆ ਜੋ ਹੋ ਗਿਆ,
ਮੇਰੇ ਬੋਲਾ ਨੂੰ ਵਜ਼ਨ ਤੂੰ ਦੇ ਗਿਆ,,

ਹੰਝੂਆਂ ਨੂੰ ਬੋਲਣ ਦਾ ਵੱਲ ਸਿਖਾ ,
ਮੰਨਤ ਨੂੰ ਚੁੱਪ ਦੀ ਰਾਹੇ ਤੋਰ ਗਿਆ।।




## ਆਕੜ ਦਾ ਮਹਿਲ

ਜਿਸ ਨੂੰ ਦੌਲਤ ਸ਼ੌਹਰਤ ਦਾ ਹੁੰਦਾ ਗੁਮਾਨ ਜੀ,
ਉਹ ਬੰਦਾ ਰਹਿੰਦਾ ਹਰ ਵਕਤ ਪਰੇਸ਼ਾਨ ਜੀ।

ਆਕੜ ਦਾ ਮਹਿਲ ਇੱਕ ਦਿਨ ਢਹਿ ਜਾਂਦਾ ਏ,
ਅਪਣੱਤ ਦਾ ਬੂਟਾ ਹਸਦਾ ਮੁਸਕਰਾਂਦਾ ਏ।

ਚੰਗੇ ਲੋਕ ਦਿਲਾਂ ਵਿੱਚ ਥਾਂ ਬਣਾਉਂਦੇ ਨੇ,
ਆਕੜ ਵਾਲੇ ਅਕਸਰ ਰਿਸ਼ਤੇ ਗਵਾਉਂਦੇ ਨੇ।

ਗੁੱਸੇਖੋਰ ਇਨਸਾਨ ਨਜ਼ਰਾਂ ਵਿੱਚ ਗਿਰਦਾ,
ਨਿਮਾਣਿਆਂ ਨੂੰ ਪਿਆਰ ਮਿਲੇ ਹਰ ਦਿਲ ਦਾ।

ਨਿਮਰਤਾ ਦੇ ਰਾਹ ਵਿੱਚ ਲੁਕਿਆ ਸਤਿਕਾਰ ਹੈ,
ਮਾਨਵਤਾ ਹੀ ਜੀਵਨ ਦਾ ਅਸਲੀ ਆਧਾਰ ਹੈ।

ਸੱਚ,ਸੇਵਾ ਤੇ ਸਿਮਰਨ ਨਾਲ ਰੱਖੀਏ ਸਰੋਕਾਰ ਜੀ,
ਕਰੀਏ ਸਭ ਦਾ ਸਤਿਕਾਰ ਛੱਡ ਕੇ ਅਹੰਕਾਰ ਜੀ।

ਇਸ ਧਰਤੀ ਤੇ ਪੱਕਾ ਨਾ ਕਿਸੇ ਦਾ ਟਿਕਾਣਾ ਏ,
ਛੱਡ ਰੰਗਲੀ ਦੁਨੀਆਂ ' ਕਲੇਰ "ਤੁਰ ਜਾਣਾ ਏ।

ਆਓ ਮੋਹ ਪਿਆਰ ਦੀਆਂ ਸਾਂਝਾਂ ਵਧਾਈਏ ਜੀ,
ਗੁੱਸੇ ਗਿਲੇ,ਨਫਰਤਾਂ ਚ ਨਾ ਵਕਤ ਗਵਾਈਏ ਜੀ।




## ਮੁਨਸਿਫ ਭ੍ਰਿਸ਼ਟੇ ਜਿਸ ਜਗਾ

ਮੁਨਸਿਫ ਭ੍ਰਿਸ਼ਟੇ ਜਿਸ ਜਗਾ, ਵਿੱਕਦੇ ਹੋਣ ਵਕੀਲ।
ਕਤਲ ਹੁੰਦੇ ਸੱਚ ਉਸ ਜਗਾ, ਰੋਂਦੀ ਫਿਰੇ ਦਲੀਲ।

ਅਫਸਰ ਮਾੜਾ ਕਲਮ ਦਾ, ਕੰਨੋ ਕੱਚਾ ਬਾਸ।
ਲੀਹੋਂ ਲਾਹੁੰਦੇ ਸੱਚ ਨੂੰ, ਕਿਰਤਾਂ ਹੋਣ ਉਦਾਸ।।

ਦਗੇਬਾਜ ਇਨਸਾਨ ਜਾਂ ਘਰ ਵਿੱਚ ਰੱਖਿਆ ਨਾਗ।
ਜੇਕਰ ਬੰਦਾ ਬੱਚ ਗਿਆ, ਜਾਣੋ ਚੰਗੇ ਭਾਗ।।

ਗਿਰ ਗਿਆ ਅਗਰ ਚਰਿੱਤਰੋਂ, ਨਰ ਹੋਵੇ ਜਾਂ ਨਾਰ।
ਕਾਲਖ ਖੁਦ, ਪਰਿਵਾਰ ਲਈ, ਧਰਤੀ ਉੱਪਰ ਭਾਰ।

ਸਿਹਤ ਬਿਨਾਂ ਇਹ ਦੌਲਤਾਂ, ਕਿਹੜੇ ਕੰਮ ਪਕਵਾਨ।
ਬੇਮਾਅਨੇ ਰੰਗ ਰਾਗ ਨੇ, ਜੇ ਨਹੀਂ ਸੌਖੀ ਜਾਨ।

ਸਾਇੰਸ ਬਿਨਾ ਅੰਧ ਧਰਮ ਹੈ, ਧਰਮ ਬਿਨਾ ਵਿਗਿਆਨ।
ਦੋਵੇਂ ਕਰਨ ਸੁਮੇਲ ਜੇ, ਬਣ ਜਾਵਣ ਵਰਦਾਨ।

ਧੀਆਂ, ਬਿਰਛਾਂ, ਜੀਵਾਂ ਦਾ ਜਿਸ ਥਾਂ ਹੈ ਸਤਿਕਾਰ।
ਧਰਤੀ ਉਹ ਸਵਰਗ ਹੈ,ਕੁਦਰਤ ਦਾ ਸ਼ਿੰਗਾਰ।

ਕੁਦਰਤ ਦਾ ਸ਼ਿੰਗਾਰ ਨੇ, ਬੱਚੇ, ਫੁੱਲ ਜਗਦੀਸ਼!
ਉਸ ਥਾਂ ਖਿੜਦੇ ਜਿਸ ਜਗਾ, ਨਦਰਿ 'ਉਹਦੀ' ਬਖਸ਼ੀਸ਼ ।




## ਮਾਂਵਾਂ

ਮਾਵਾਂ ਰਾਤ ਨਾ ਸੌਂਦੀਆਂ, ਪੁੱਤ ਗਏ ਪਰਦੇਸ,
ਕਿਰਦੇ ਜਾਂਦੇ ਸ੍ਵਾਸ ਨੇ, ਜਿਉਂ ਮੁੱਠੀ 'ਚੋਂ ਰੇਤ।

ਮਾਵਾਂ ਰਾਤ ਨਾ ਸੌਂਦੀਆਂ, ਜਾਗੇ ਨਸ਼ਾ-ਵਪਾਰ,
ਬੂਹੇ ਮਾਰ ਲੁਕਾਉਂਦੀਆਂ, ਪੁੱਤ ਨਾ ਕੱਢਣ ਬਾਹਰ।


ਮਾਵਾਂ ਰਾਤ ਨਾ ਸੌਂਦੀਆਂ, ਮਹਿੰਗਾ ਹੋ ਗਿਆ ਦਾਜ,
ਲਾੜ੍ਹੇ ਕਾਰਾਂ ਮੰਗਦੇ, ਵਿਗੜਿਆ ਪਿਆ ਸਮਾਜ।

ਮਾਵਾਂ ਰਾਤ ਨਾ ਸੌਂਦੀਆਂ, ਪੁੱਤਰ ਵਿਗੜੀ ਜਾਣ,
ਸਮਝ ਨਾ ਆਵੇ ਕੋਈ ਵੀ, ਮਾਪੇ ਕਿੱਧਰ ਜਾਣ।

ਮਾਵਾਂ ਰਾਤ ਨਾ ਸੌਂਦੀਆਂ, ਸੋਚਾਂ ਬਣੀਆਂ ਭਾਰ,
ਅਕਲ ਕਰੋ ਕੁਝ ਰਹਿਬਰੋ! ਡੋਬੋ ਨਾ ਵਿਚਕਾਰ।

ਮਾਵਾਂ ਰਾਤ ਨਾ ਸੌਂਦੀਆਂ, ਹੋਈਆਂ ਬਹੁਤ ਉਦਾਸ,
ਦੁੱਧੀਂ ਪਾਲ਼ੇ ਪੁੱਤ ਸੀ, ਪਾਣੀ ਦੀ ਨਹੀਂ ਆਸ।

ਮਾਵਾਂ ਰਾਤ ਨਾ ਸੌਂਦੀਆਂ, ਬੁੱਲ੍ਹ ਟੁੱਕ ਰੋਈ ਜਾਣ,
ਕਿਹਾ ਜ਼ਮਾਨਾ ਆ ਗਿਆ, ਰਿਸ਼ਤੇ ਲਹੂ-ਲੁਹਾਣ।




## ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ, ਜੇਕਰ ਅੱਯਾਸ਼ ਨਾ ਹੁੰਦਾ
ਉਸ ਦੇ ਪਰਿਵਾਰ ਅਤੇ ਸਿੱਖ ਰਾਜ ਦਾ, ਕਦੇ ਵੀ ਨਾਸ ਨਾ ਹੁੰਦਾ

ਫੌਜਾਂ ਦੇ ਬਣਾਉਂਦਾ ਜਰਨੈਲ ਓਹ, ਜੇਕਰ ਆਪਣੇ ਪੁੱਤਰਾਂ ਨੂੰ
ਡੋਗਰਿਆਂ ਵਰਗੇ ਗ਼ੱਦਾਰਾਂ ਉੱਤੇ, ਜੇਕਰ ਕਰਦਾ ਵਿਸ਼ਵਾਸ ਨਾ ਹੁੰਦਾ

ਕਾਮ ਦੀ ਦਲਦਲ ਰਾਜਿਆਂ ਨੂੰ ਹੈ, ਸਦਾ ਹੀ ਡੋਬਦੀ ਆਈ
ਨਸ਼ੇ ਅਤੇ ਕਾਮ ਦਾ ਰਸੀਆਂ, ਓਹ ਜੇਕਰ ਕਾਸ਼ ! ਨਾ ਹੁੰਦਾ

ਅੰਗਰੇਜ਼ ਲੋਕ ਨੇ ਬੜੇ ਸਿਆਣੇ, ਚਲਾਕ ਵੀ ਹੱਦੋਂ ਵੱਧ ਨੇ
ਅਫ਼ਗ਼ਾਨਾਂ ਨਾਲੋਂ ਨਹੀਂ ਸਨ ਤਕੜੇ, ਯੁੱਧ ਦਾ ਪਰਿਆਸ ਜੇ ਹੁੰਦਾ

ਹੌਲੀ ਹੌਲੀ ਮਿਟਾ ਨੇ ਦਿੱਤੀਆਂ, ਰਾਜ ਉਹਦੇ ਦੀਆਂ ਨਿਸ਼ਾਨੀਆਂ
ਨਾਮ ਵੀ ਉਹਦਾ ਮਿਟ ਜਾਣਾ ਸੀ, ਜੇਕਰ ਇਤਿਹਾਸ ਵਾ ਹੁੰਦਾ

ਇਤਿਹਾਸਕ ਇਹ ਨੇ ਸਚਾਈਆਂ ਸਾਰੀਆਂ, ਮੰਨੋ ਜਾਂ ਨਾ ਮੰਨੋ
ਬੋਦਲਾਂ ਦਾ ਸੁੱਖਵਿੰਦਰ ਸੱਚ ਲਿਖਦਾ, ਮੈਂ ਪਰਵਾਸ ਨਾ ਹੁੰਦਾ

ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ, ਜੇਕਰ ਅੱਯਾਸ਼ ਨਾ ਹੁੰਦਾ
ਉਸ ਦੇ ਪਰਿਵਾਰ ਅਤੇ ਸਿੱਖ ਰਾਜ ਦਾ, ਕਦੇ ਵੀ ਨਾਸ ਨਾ ਹੁੰਦਾ




## ਗ਼ਜ਼ਲ

ਰੋੜ ਘਰਾਂ ਨੂੰ ਹੁਣ ਉਹ ਤੰਬੂ ਤਾਣ ਰਹੇ।
ਵੇਖ ਕੁਲਹਿਣੇ ਕਿੱਦਾਂ ਕਰ ਕਲਿਆਣ ਰਹੇ।

ਵੱਡੇ ਵੱਡੇ ਅਫ਼ਸਰ ਪੁੱਤਾਂ ਦੇ ਸਿਰ 'ਤੇ,
ਬਿਰਧ ਘਰਾਂ ਵਿੱਚ ਮਾਪੇ ਮੌਜਾਂ ਮਾਣ ਰਹੇ।

ਛਾਣ ਦੇਣਗੇ ਇੱਕ ਦਿਨ ਸੀਨੇ ਭਵਨਾਂ ਦੇ,
ਜਿਹੜੇ ਅੱਜ ਗਲੀਆਂ ਦੀ ਮਿੱਟੀ ਛਾਣ ਰਹੇ।

ਡੇਗ ਸਕੇ ਨਾ ਉਸ ਨੂੰ ਬਿਰਧ ਅਵਸਥਾ ਵੀ,
ਜਿਸ ਬੰਦੇ ਦੀਆਂ ਸੋਚਾਂ ਵਿੱਚ ਉਡਾਣ ਰਹੇ।

ਓਸ ਖੁਦਾ ਨੂੰ ਕਿੱਦਾਂ ਜਾਣੀਜਾਣ ਕਹਾਂ,
ਫਲ਼ਦੇ ਪਾਪਾਂ ਤੋਂ ਵੀ ਜੋ ਅਣਜਾਣ ਰਹੇ।

ਮਿਲ ਸਕਦੀ ਹੈ ਸ਼ਕਲ ਤਾਂ ਹੋਰ ਕਿਸੇ ਦੇ ਨਾਲ,
ਪਰ ਅੱਖਾਂ ਵਿੱਚ ਸਭ ਦੀ ਵੱਖ ਪਛਾਣ ਰਹੇ।

ਜਿਸ ਨਗਰੀ ਵਿੱਚ ਚਿੱਟਾ ਚਿੱਟੇ ਦਿਨ ਵਿਕਦਾ,
ਉਸ ਨਗਰੀ ਵਿੱਚ ਆਉਂਦੀ ਨਿੱਤ ਮਕਾਣ ਰਹੇ।




## ਮਾਵਾਂ

ਦੁਨੀਆਂ ਦੀ ਇਸ ਧਰਤੀ ਉੱਤੇ
ਰੱਬ ਨੇ ਲਾਏ ਸੋਹਣੇ ਬੂਟੇ ਮਾਵਾਂ ਦੇ।
ਹਰ ਇਕ ਨੂੰ ਮਿਲਦੇ ਨੇ
ਇਨ੍ਹਾਂ ਤੋਂ ਖੁੱਲ੍ਹੇ ਗੱਫੇ ਛਾਵਾਂ ਦੇ।
ਜਦੋਂ ਦੋਸਤ ਛੱਡ ਜਾਂਦੇ ਨੇ
ਇਨਸਾਨ ਨੂੰ ਕਰਕੇ ਬੇਸਹਾਰਾ,
ਉਦੋਂ ਡੰਗੋਰੀ ਬਣ ਕੇ
ਮਾਵਾਂ ਦਿੰਦੀਆਂ ਨੇ ਸਹਾਰਾ।
ਆਪਣੇ ਦਿਲਾਂ 'ਚ ਲੁਕਾ ਕੇ ਗ਼ਮ
ਮਾਵਾਂ ਵੰਡਣ ਖੁਸ਼ੀਆਂ ਦੇ ਪਤਾਸੇ।
ਉਨ੍ਹਾਂ ਨੂੰ ਵੇਖ ਕੇ ਖਿੜ ਉੱਠਦੇ ਨੇ
ਪੁੱਤਾਂ ਦੇ ਚਿਹਰੇ ਉਦਾਸੇ।
ਇਹ ਹਰ ਕੋਈ ਜਾਣਦਾ ਹੈ
ਕਿ ਬਦਲਦੀਆਂ ਨਹੀਂ ਤਕਦੀਰਾਂ,
ਪਰ ਪੁਤਾਂ ਦੀਆਂ ਖੁਸ਼ੀਆਂ ਲਈ
ਮਾਵਾਂ ਬੈਠ ਕੇ ਸੋਚਣ ਤਦਬੀਰਾਂ।
ਬੇਸ਼ੱਕ ਪੁੱਤ ਦੇਣ ਮਾਵਾਂ ਨੂੰ
ਕੌੜੇ ਬੋਲਾਂ ਦੇ ਜ਼ਾਲਮ ਖ਼ਾਰ,
ਤਾਂ ਵੀ ਮਾਵਾਂ ਦੇਣ ਉਨ੍ਹਾਂ ਨੂੰ
ਮਿੱਠੇ ਬੋਲਾਂ ਦੇ ਸੋਹਣੇ ਹਾਰ।
ਮਾਵਾਂ ਦੇ ਹੁੰਦਿਆਂ ਤੋੜਨੀ ਔਖੀ
ਉਨ੍ਹਾਂ ਦੇ ਜੀਵਨ ਦੀ ਰਬਾਬ।
ਉਨ੍ਹਾਂ ਦੀ ਕਦੇ ਹਾਰ ਹੋਏ ਨਾ
ਇਹ ਮਾਵਾਂ ਦੇ ਖਾਬ।
ਜਿਹੜੇ ਆਪਣੀਆਂ ਮਾਵਾਂ ਦਾ
ਕਰਦੇ ਨਹੀਂ ਸਤਿਕਾਰ,
ਉਨ੍ਹਾਂ ਦੇ ਜੀਵਨ -ਬਾਗ 'ਚ
ਆਏ ਨਾ ਕਦੇ ਬਹਾਰ।
ਜਿਹੜੇ ਆਪਣੀਆਂ ਮਾਵਾਂ ਤੋਂ
ਲੈਂਦੇ ਨਹੀਂ ਪਿਆਰ,
'ਮਾਨ' ਉਨ੍ਹਾਂ ਲਈ ਉਜਾੜ ਹੈ
ਇਹ ਖੂਬਸੂਰਤ ਸੰਸਾਰ।




## ਮੁਹੱਬਤ

ਇਹਨਾਂ ਪੱਤਿਆਂ ਨੂੰ ਪੁੱਛ
ਮੁਹੱਬਤ ਕੀ ਹੁੰਦੀ ,
ਟੁੱਟ ਟਾਹਣੀਓਂ ਡਿੱਗਦੇ ਨੇ
ਪੈਰੀਂ ਰੁੱਖ।

ਬੇਦਰਦ ਹਵਾ ਬੜਾ ਜੁਲਮ ਕਰਦੀ
ਝੱਲ ਜੁਲਮ ਇਹ ਵੱਟ
ਲੈਣ ਚੁੱਪ।

ਕੀ ਹੋਇਆ ਜੇ ਅੱਜ
ਅਸੀਂ ਮੋਏ,
ਕਦੇ ਆਏ ਸੀ ਸੱਜਣਾ
ਬਹਾਰ ਰੁੱਤ।

'ਅੰਗਰੇਜ'ਟੁੱਟਣਾ ਤਾਂ ਸਾਡੀ ਫਿਤਰਤ ਹੈ,
ਇਸ ਟੁੱਟ ਤੋਂ ਕਿੱਥੇ
ਹੁੰਦਾ ਲੁਕ।

ਅਸੀਂ ਟੁੱਟੇ ਤਾਂ ਹੋਰ ਆਏ ਨਵੇਂ
ਓਹਨਾਂ ਕਰਨਾ ਫੇਰ
ਸਿੰਗਾਰ ਰੁੱਖ।








ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212



# ਅਦਬੀ ਵਿਰਾਸਤ

ਅੰਕ 05 , 22 ਤੋਂ 28 ਜੂਨ 2026 , ਵੱਲੋਂ:- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ ( ਓਵਰਸੀਜ਼ ਦਫ਼ਤਰ ਕੈਲਗਿਰੀ,ਕਨੇਡਾ)


## ਸਾਡੀਆਂ ਵੀ ਲੋਹੜੀਆਂ

ਬਾਪੂ ਸਾਡੀਆਂ ਵੀ ਲੋਹੜੀਆਂ ਮਨਾਂ ਲਵੀਂ।
ਪੁੱਤਾਂ ਵਾਂਗ ਸਾਨੂੰ ਸੀਨੇ ਨਾਲ਼ ਲਾ ਲਵੀਂ।
ਤੇਰਾ ਦੁਨੀਆ ਤੇ ਹੋਊ ਸਤਿਕਾਰ ਬਾਬਲਾ।
ਤੇਰੀ ਧੀਆਂ ਨੇ ਕਰਾਉਣੀ ਜੈ-ਜੈਕਾਰ ਬਾਬਲਾ।

ਅਸੀਂ ਵੀ ਹਾਂ ਖ਼ੂਨ ਤੇਰਾ ਚੇਤੇ ਸਦਾ ਰੱਖ ਲਈਂ
ਧੀਆਂ ਨਾਲ਼ ਘਰ 'ਚ ਕਲੇਸ਼ ਹੁੰਦਾ ਡੱਕ ਲਈਂ
ਦੇਵੀਂ ਸਾਨੂੰ ਸਾਡੇ ਹਿੱਸੇ ਦਾ ਪਿਆਰ ਬਾਬਲਾ।
ਤੇਰਾ ਦੁਨੀਆ ਤੇ ਹੋਊ ਸਤਿਕਾਰ ਬਾਬਲਾ।

ਨਹੀਓਂ ਵੰਡਣੀ ਜਾਇਦਾਦ ਦੀਆਂ ਪਿਆਰੀਆਂ
ਘਰ ਵੀਰਾਂ ਦੇ ਸੁਣਨ ਕਿਲਕਾਰੀਆਂ
ਵੀਰਾਂ-ਬਾਪੂ ਨਾਲ਼ ਵੱਸੇ ਸੰਸਾਰ ਬਾਬਲਾ
ਤੇਰਾ ਦੁਨੀਆ ਤੇ ਹੋਊ ਸਤਿਕਾਰ ਬਾਬਲਾ।

ਕੂੰਜਾਂ ਵਾਂਗ ਸਹੁਰੇ ਘਰ ਉੱਡ ਅਸਾਂ ਜਾਵਣਾ
ਮੁੜਕੇ ਪਤਾ ਨਹੀਂ ਕਦੋਂ ਪੇਕੇ ਘਰ ਆਵਣਾ
ਖਿੱੜੇ ਮੱਥੇ ਸਾਨੂੰ ਦਿੰਦਾ ਰਹੁ ਦੀਦਾਰ ਬਾਬਲਾ
ਤੇਰਾ ਦੁਨੀਆ ਤੇ ਹੋਊ ਸਤਿਕਾਰ ਬਾਬਲਾ।

ਇੱਜ਼ਤ ਅਸਾਂ ਨੇ ਤੇਰੀ ਸਦਾ ਉੱਚੀ ਰੱਖਣੀ
ਰੱਖਾਂਗੀਆਂ ਸਾਫ਼ ਕਹਿਣੀ-ਕਰਨੀ ਤੇ ਤੱਕਣੀ
'ਲੱਖੇ' ਸਲੇਮਪੁਰੀ ਵਾਂਗੂ ਵਾਰ ਵਾਰ ਬਾਬਲਾ
ਤੇਰਾ ਦੁਨੀਆ ਤੇ ਹੋਊ ਸਤਿਕਾਰ ਬਾਬਲਾ।




## ਗ਼ਜ਼ਲ

ਨ੍ਹੇਰੇ ਦੇ ਗਲ਼ ਪਾਉਣੀ ਚਾਹਵਾਂ,
ਮੈਂ ਚਾਨਣ ਦੀ ਗਾਨੀ।
ਅਕਲਾਂ ਵਾਲੇ ਆਖਣ ਮੈਨੂੰ,
ਨਾ ਕਰ ਇਹ ਨਾਦਾਨੀ।
ਕਿਹੜਾ ਦੇਵੇ ਮੱਤਾਂ ਸਾਨੂੰ,
ਗੁੰਮ ਗਿਆ ਉਹ ਵੇਲਾ,
ਵਿੱਚ ਸੱਥਾਂ ਦੇ ਦਾਨੇ ਬੰਦੇ,
ਕਰਦੇ ਸੀ ਗੱਲ ਦਾਨੀ।
ਝਾਂਜਰ ਦੀ ਇੱਕ ਰੀਝ ਕੁਆਰੀ,
ਐਦਾਂ ਠੱਗੀ ਵੇਖੀ,
ਘੁੰਗਰੂਆਂ ਦੀ ਛਣ-ਛਣ ਵਿੱਚ ਹੀ,
ਬੀਤ ਗਈ ਜ਼ਿੰਦਗਾਨੀ।
ਲੱਖਾਂ ਵਾਰੀ ਖਾਧੀ ਠੱਗੀ,
ਠੱਗ ਕਿਸੇ ਨੂੰ ਖਾਧਾ,
ਖੁੱਲ੍ਹੀ ਅੱਖ ਤਾਂ ਝੋਰਾ ਲੱਗਾ,
ਇਹ ਜੱਗ ਸਾਰਾ ਫ਼ਾਨੀ।
'ਰਾਹੀ' ਕਿੰਨੇ ਪਾਣੀ ਵਿੱਚ ਤੂੰ,
ਅਕਲ ਤੇਰੀ ਨੂੰ ਜਾਣਾਂ,
ਕੌਣ ਲਿਖਾਉਂਦਾ ਸ਼ੇਅਰਾਂ ਦੇ ਵਿੱਚ,
ਕਹਿ ਜਾਨੈਂ ਗੱਲ ਦਾਨੀ।




## ਗ਼ਜ਼ਲ

ਮੈਂ ਤਾਂ ਹੁਣ ਵੀ ਗੁੰਮ ਨਹੀਂ ਹੋਇਆ,
ਮੈਂ ਤਾਂ ਬਸ ਯਾਦਾਂ ਵਿੱਚ ਖੋਇਆ।

ਬਚਪਨ ਦੀ ਇਕ ਯਾਦ ਸਿਰਜ ਕੇ
ਮਾਂ ਦੀ ਗੋਦੀ ਵਿੱਚ ਜਾ ਸੋਇਆ।

ਯਾਦਾਂ ਦੀ ਇਕ ਕਿਰਨ ਸੁਨਹਿਰੀ,
ਛੋਟਾ ਬਾਲ ਬਣ ਕੇ ਜਦ ਰੋਇਆ।

ਗੀਤਾਂ ਦੀ ਮਾਂ ਵਣਜਾਰਨ ਖ਼ਾਤਰ,
ਹੰਝੂਆਂ ਦਾ ਮੈਂ ਹਾਰ ਪਿਰੋਇਆ।

ਅੱਗੇ ਪਿੱਛੇ ਤੇਰਾ ਰਸਤਾ ਲੱਭਾਂ,
ਵਿੱਚ ਚੁਰਸਤੇ ਆਣ ਖਲੋਇਆ।

ਤਰਸ ਗਿਆ ਜਦ ਉਸ ਮੰਜ਼ਿਲ ਨੂੰ,
ਮਾਂ ਦੀਆਂ ਯਾਦਾਂ ਵਿੱਚ ਸਮੋਇਆ।

ਬਚਪਨ ਮੇਰਾ ਕੋਈ ਮੋੜ ਲਿਆਵੇ,
'ਅਮਰ' ਉਮਰ ਭਰ ਉਸ ਦਾ ਹੋਇਆ।




## ਸਾਇਕਲਾਂ ਵਾਲ਼ੀ ਦਰੀ



ਪੰਜਾਬੀਆਂ ਦੇ ਵਿਰਸੇ ਦਾ ਹਿੱਸਾ ਮੰਨੀ ਜਾਣ ਵਾਲੀ ਦਰੀ ਅੱਜ ਦੇ ਦੌਰ ਨਾਲ ਭਾਵੇਂ ਨਜ਼ਰ ਨਹੀਂ ਆ ਰਹੀ ਪਰੰਤੂ ਜੇਕਰ ਕੁਝ ਦਹਾਕੇ ਪਿੱਛੇ ਝਾਤ ਮਾਰੀਏ ਤਾਂ ਸਾਡਾ ਵਿਰਸਾ ਕਿੰਨਾ ਸੋਹਣਾ ਕਿੰਨਾ ਮਹਾਨ ਸੀ ਇਹ ਬਾਖ਼ੂਬੀ ਨਜ਼ਰ ਆ ਜਾਂਦਾ ਹੈ। ਦੌਰ ਪੁਰਾਣੇ ਵਿੱਚ ਕਿੰਨਾ ਸਕੂਨ ਕਿੰਨਾ ਪਿਆਰ ਕਿੰਨਾ ਠਹਿਰਾਓ ਸੀ ਇਹ ਤਾਂ ਸਾਡੇ ਪੁਰਵਜਾਂ ਤੋਂ ਹੀ ਪਤਾ ਲੱਗਦਾ ਹੈ ਜਦੋਂ ਅਸੀਂ ਉਸ ਦੌਰ ਦੇ ਬਜ਼ੁਰਗਾਂ ਨਾਲ ਗੱਲਬਾਤ ਕਰਦੇ ਹਾਂ ਤਾਂ ਸਾਨੂੰ ਯਕੀਨ ਹੁੰਦਾ ਹੈ ਕਿ ਉਨ੍ਹਾਂ ਅੰਦਰ ਵੀ ਇੱਕ ਅਨੋਖੀ ਕਲਾ ਹੁੰਦੀ ਸੀ। ਅੱਜ ਦੇ ਬੱਚਿਆਂ ਨੂੰ ਦਰੀ ਬਾਰੇ ਕੁਝ ਵੀ ਗਿਆਨ ਨਹੀਂ ਹੈ ਕਿਉਂਕਿ ਟੈਕਨਾਲੋਜੀ ਨੇ ਦਰਿਆਂ ਨੂੰ ਬਹੁਤ ਪਿੱਛੇ ਕਰ ਦਿੱਤਾ ਹੈ ਪਰ ਕਹਿੰਦੇ ਨੇ ਸਮੇਂ 'ਚ ਪਰਿਵਰਤਨ ਆਉਣਾ ਕੁਦਰਤ ਦਾ ਨਿਯਮ ਹੈ ਜਿਸ ਨੂੰ ਕੋਈ ਨਹੀਂ ਰੋਕ ਸਕਦਾ ਪਰੰਤੂ ਉਨ੍ਹਾਂ ਦੀਆਂ ਅਦਿੱਖ ਯਾਦਾਂ ਦਾ ਸੁਮੇਲ ਹੋਣਾ ਅਤਿ ਜ਼ਰੂਰੀ ਹੁੰਦਾ ਹੈ। ਗੱਲ 1975 ਦੀ ਹੈ ਜਦੋਂ ਆਮ ਹੀ ਘਰਾਂ ਵਿੱਚ ਕੁੜੀਆਂ ਕੁੱਝ ਨਾ ਕੁੱਝ ਨਮੂਨੇ ਤਿਆਰ ਕਰਦੀਆਂ ਰਹਿੰਦੀਆਂ ਸਨ ਤਾਂ ਕਿ ਉਹ ਅਤਪਣੇ ਵਿਆਹ ਵਿਚ ਦਹੇਜ ਦੇ ਤੌਰ ਤੇ ਲਿਜਾ ਸਕਣ। ਇਸੇ ਤਰ੍ਹਾਂ ਪਿੰਡ ਇੱਕਲਾਹੇ (ਜ਼ਿਲ੍ਹਾ ਖੰਨਾ) ਦੀ ਧੀ ਸਵਰਨ ਕੌਰ ਨੇ ਵੀ ਆਪਣੇ ਲਈ ਕੁੱਝ ਨਮੂਨੇ ਤਿਆਰ ਕੀਤੇ ਸਨ। ਉਨ੍ਹਾਂ ਨੇ ਆਪਣੇ ਦਹੇਜ 'ਚ ਲਿਜਾਣ ਲਈ ਇੱਕ ਸਾਈਕਲਾ ਵਾਲੀ ਦਰੀ ਆਪਣੇ ਹੱਥੀਂ ਤਿਆਰ ਕੀਤੀ ਸੀ। ਉਹ ਅਜਿਹਾ ਦੌਰ ਸੀ ਕਿ ਬਿਜਲੀ ਦੀ ਸਪਲਾਈ ਘਰਾਂ ਵਿੱਚ ਘੱਟ ਹੀ ਹੁੰਦੀ ਸੀ ਜ਼ਿਆਦਾਤਰ ਲੋਕੀਂ ਦੀਵਾ ਜਾਂ ਲਾਲਟਨ ਦੀ ਰੌਸ਼ਨੀ ਵਿੱਚ ਹੀ ਆਪਣਾ ਕੰਮ ਕਰਦੇ ਸਨ । ਇਸੇ ਤਰ੍ਹਾਂ ਸਵਰਨ ਕੌਰ ਵੀ ਆਪਣੇ ਹੁਨਰ ਲਈ ਇਨ੍ਹਾਂ ਦੀਵਿਆਂ ਦੀ ਵਰਤੋਂ ਕਰਦੀ ਹੁੰਦੀ ਸੀ। ਜਦੋਂ ਸਵਰਨ ਕੌਰ ਇਹ ਦਰੀ ਬੁਣਦੀ ਤਾਂ ਉਨ੍ਹਾਂ ਦੇ ਪਿਤਾ ਨੰਤ ਰਾਮ ਨੂੰ ਬਹੁਤ ਖੁਸ਼ੀ ਹੁੰਦੀ ਸੀ। ਉਹ ਅਕਸਰ ਕਹਿੰਦੇ ਰਹਿੰਦੇ ਸੀ ਕਿ ਇਸੇ ਨੇ ਤਾਂ ਦੀਵੇ ਦੀ ਰੌਸ਼ਨੀ 'ਚ ਦਰੀ ਪੂਰੀ ਕਰ ਲੈਣੀ ਹੈ। ਵਾਕਿਆ ਹੀ ਕੁਝ ਅਜਿਹੇ ਹਾਲਾਤ ਹੁੰਦੇ ਸੀ ਕਿ ਦਰੀ ਬੁਣਦੇ ਹੋਇਆ ਦੇਖ ਉਨ੍ਹਾਂ ਦੇ ਪਿਤਾ ਨੰਤ ਰਾਮ ਬੇਹੱਦ ਖੁਸ਼ੀ ਹੁੰਦੀ ਉਸ ਚਾਅ ਨੂੰ ਮਨਾਂ 'ਚ ਸਮਾ ਉਹ ਸਵਰਨ ਕੌਰ ਨੂੰ ਚਾਹ ਦਾ ਗਿਲਾਸ ਦਰੀ ਤੇ ਬੈਠੀ ਨੂੰ ਹੀ ਦੇ ਜਾਂਦੇ ਹੁੰਦੇ ਸੀ ਕਿਉਂਕਿ ਨੰਤ ਰਾਮ ਨੂੰ ਅੰਦਰੋ ਅੰਦਰੀ ਬੇਹੱਦ ਖੁਸ਼ੀ ਹੁੰਦੀ ਸੀ ਕਿ ਉਨ੍ਹਾਂ ਦੀ ਧੀ ਅਨੋਖਾ ਨਮੂਨਾ ਤਿਆਰ ਕਰ ਰਹੀ ਹੈ।ਸਵਰਨ ਕੌਰ ਵੀ ਆਪਣੇ ਭਾਈ ਦੀ ਖੁਸ਼ੀ ਤੋਂ ਵਾਕਫ ਸੀ। ਇਹ ਜਗਜਨਣੀ ਹੋਰ ਕੋਈ ਨਹੀਂ ਮੇਰੀ ਮਾਂ ਸਵਰਨ ਕੌਰ ਹੈ ਇਨ੍ਹਾਂ ਦੀ ਕਲਾ ਤੋਂ ਮੈਂ ਬਚਪਨ ਤੋਂ ਜਾਣੂੰ ਹਾਂ ਬੱਸ ਫੇਰ ਕੀ ਸੀ ਮਾਂ ਦੇ ਨਮੂਨੇ ਦੇਖ ਮੈਂ ਮਾਂ ਕੋਲੋਂ ਬਹੁਤ ਸਾਰੇ ਸਵਾਲ ਪੁੱਛੇ ਉਨ੍ਹਾਂ ਦੱਸਿਆ ਕਿ ਇਹ ਦਰੀ ਇੱਕ ਖਾਸ ਨਮੂਨਾ ਹੈ ਜੋ ਕਿ ਉਨ੍ਹਾਂ ਨੇ ਇੱਕ ਹਫਤੇ 'ਚ ਬਣਾਈ ਸੀ। ਇਹ ਸੱਤ ਰੰਗ ਧਾਗਿਆਂ ਨਾਲ ਬਣਾਈ ਹੋਈ ਹੈ। ਇਸ ਨੂੰ ਬੁਨਣ ਲਈ ਇੱਕ ਹਫ਼ਤੇ ਦਾ ਸਮਾਂ ਲੱਗਿਆ ਸੀ। ਇਹ ਉਨ੍ਹਾਂ ਦੀ ਦੂਜੀ ਦਰੀ ਸੀ। ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਇਹ ਦਰੀ ਤਿੰਨ ਕਿੱਲੋ ਸੂਤ ਨਾਲ ਤਿਆਰ ਕੀਤੀ ਹੋਈ ਹੈ ਹਰ ਰੰਗ ਲਈ ਪਾਈਆਂ ਸੂਤ ਰੰਗਿਆ ਵੀ ਜਾਂਦਾ ਸੀ । ਇਸ ਦੇ ਤਾਣੇ ਉੱਤੇ ਅੱਧਾ ਕਿੱਲੋ ਡੋਰ ਲੱਗੀ ਸੀ। ਇਹ ਦਰੀ ਗਰਮੀਆਂ ਦੇ ਦਿਨਾਂ ਦੇ ਅੰਦਰ ਤਿਆਰ ਕੀਤੀ ਸੀ ਉਨ੍ਹਾਂ ਨੂੰ ਇਸ ਦਰੀ ਨਾਲ ਬਹੁਤ ਲਗਾਵ ਸੀ।ਇਸ ਲਈ ਉਨ੍ਹਾਂ ਇਹ ਸਾਈਕਲਾਂ ਵਾਲੀ ਦਰੀ ਆਪਣੀ ਕਿਸੇ ਧੀ ਨੂੰ ਨਾ ਦੇ ਕੇ ਆਪਣੇ ਕੋਲ ਸੰਭਾਲੀ ਰੱਖੀ। ਉਨ੍ਹਾਂ ਨੂੰ ਇਸ ਦਰੀ ਨਾਲ ਇੰਨਾ ਮੋਹ ਤੇ ਪਿਆਰ ਸੀ ਕਿ ਉਨ੍ਹਾਂ ਅੱਜ ਵੀ ਆਪਣੇ ਕੋਲ ਸੰਭਾਲੀ ਰੱਖੀ ਹੈ ਜਾਂ ਕਹਿ ਲਓ ਅੱਜ ਵੀ ਆਪਣੇ ਭਾਈ (ਪਿਤਾ) ਦਾ ਪਿਆਰ ਵੀ ਝਲਕਦਾ ਨਜ਼ਰ ਆ ਰਿਹਾ ਹੈ।

ਸਵਰਨ ਕੌਰ ਕੋਲ ਅੱਜ ਵੀ ਹੁਨਰ ਹੈ ਉਹ ਅੱਜ ਵੀ ਊਨ ਨਾਲ ਕੁੱਝ ਨਾ ਕੁੱਝ ਬੁਣਤੀਆਂ ਬੁਣਦੀ ਰਹਿੰਦੀ ਹੈ। ਉਨ੍ਹਾਂ ਦੇ ਅੰਦਰ ਦੀ ਕਲਾ ਅੱਜ ਵੀ ਮੌਜੂਦ ਹੈ ਉਨ੍ਹਾਂ ਦੇ ਉਮਰ ਦੇ ਤਕਾਜ਼ੇ ਨਾਲ ਭਾਵੇਂ ਉਨ੍ਹਾਂ ਤੋਂ ਪਹਿਲਾਂ ਵਰਗਾ ਕੰਮ ਨਹੀਂ ਹੁੰਦਾ ਪਰ ਉਹਨਾਂ ਨੂੰ ਦਰੀਆਂ ਦੇ ਨਮੂਨਿਆਂ ਦੀ ਯਾਦ ਅੱਜ ਵੀ ਤਾਜ਼ਾ ਹੈ।

ਸਾਡੇ ਵਿਰਸੇ ਦੀ ਪਹਿਚਾਣ ਦਰੀ ਅੱਜ ਵੀ ਉਨੀ ਹੀ ਸੋਹਣੀ ਲੱਗਦੀ ਹੈ ਜਿੰਨੀ ਕਿ ਦਹਾਕੇ ਪਹਿਲਾਂ ਹੋਇਆ ਕਰਦੀ ਸੀ ਅੱਜ ਇਸ ਦਰੀ ਨੂੰ ਦੇਖਦੇ ਹੀ ਪਤਾ ਚੱਲਦਾ ਹੈ ਕਿ ਪੰਜਾਬ ਦਾ ਵਿਰਸਾ ਬਹੁਤ ਹੀ ਅਮੀਰ ਹੁੰਦਾ ਸੀ। ਉਹ ਸਮਾਂ ਭਾਵੇਂ ਗਰੀਬੀ ਦਾ ਰਿਹਾ ਹੋਵੇ ਪਰੰਤੂ ਉਸ ਦੇ ਆਪਸੀ ਤਾਲਮੇਲ ਤੇ ਕਿੰਨੀ ਪਰਿਵਾਰਕ ਸਾਂਝ ਹੁੰਦੀ ਸੀ ਇਹ ਦਰੀ ਆਪਣੇ ਆਪ 'ਚ ਦੱਸ ਰਹੀ ਹੈ। ਇਹ ਨਮੂਨਾ ਨਹੀਂ ਇੱਕ ਖ਼ਜ਼ਾਨਾ ਕਿਹਾ ਜਾ ਸਕਦਾ ਹੈ ਜੋ ਕਿ ਦਹਾਕੇ ਪਹਿਲਾਂ ਪੰਜਾਬ ਦੇ ਲੋਕਾਂ ਕੋਲ ਹੁੰਦਾ ਸੀ ਅੱਜ ਲੋਕਾਂ ਕੋਲ ਜਿਹੜੇ ਖਜ਼ਾਨੇ ਪਏ ਹਨ ਉਨ੍ਹਾਂ ਦਾ ਮੁੱਲ ਕੀ ਪੈਣਾ ਹੈ ਇਹ ਤਾਂ ਸਮਾਂ ਦੱਸੇਗਾ। ਪਰ ਜੋ ਖਜ਼ਾਨਾ ਦਹਾਕੇ ਪਹਿਲਾਂ ਆ ਚੁੱਕਾ ਸੀ ਅੱਜ ਉਸ ਨੂੰ ਸੰਭਾਲਣ ਦੀ ਲੋੜ ਹੈ।




## ਗ਼ਜ਼ਲ

ਭਰੇ ਪਰਿਵਾਰ ਵਿਚ ਸਭ ਤੋਂ ਸਿਆਣਾ ਬਾਪ ਹੀ ਹੁੰਦੈ।
ਜੋ ਜੀਵੇ ਬੱਚਿਆ ਖਾਤਰ ਨਿਮਾਣਾ ਬਾਪ ਹੀ ਹੁੰਦੈ।

ਜਿਤਾਵੇ ਖੇਡ ਬੱਚੇ ਨੂੰ ਹਰਾਵੇ ਖੁਦ ਨੂੰ ਹਰ ਵਾਰੀ ,
ਹਰੇ ਜੋ ਬੱਚਿਆ ਕੋਲੋਂ ਨਿਆਣਾ ਬਾਪ ਹੀ ਹੁੰਦੈ।

ਮਿਲੇ ਅੱਧੀ ਵੀ ਰੋਟੀ ਤਾਂ ਸ਼ੁਕਰ ਕਰਕੇ ਉਹ ਖਾ ਲੈਂਦਾ ,
ਜੋ ਮੰਨੇ ਹਰ ਸਮੇ ਰਬ ਦਾ ਹੀ ਭਾਣਾ ਬਾਪ ਹੀ ਹੁੰਦੈ।

ਕਿਸੇ ਨੂੰ ਕੀ ਪਤਾ ਘਰ ਨੂੰ ਚਲਾਉਣਾ ਹੈ ਕਿਵੇ ਪੈਂਦਾ ,
ਇਕੱਠਾ ਕਰ ਰਿਹਾ ਦਿਨ ਰਾਤ ਦਾਣਾ ਬਾਪ ਹੀ ਹੁੰਦੈ।

ਨਾ ਕੋਈ ਸ਼ੌਂਕ ਖਾਣੇ ਦਾ ਨਾ ਪੀਣੇ ਦਾ ਰਹੇ ਉਸ ਨੂੰ ,
ਜਿਦੇ ਤਨ ਤੇ ਰਹੇ ਕਪੜਾ ਪੁਰਾਣਾ ਬਾਪ ਹੀ ਹੁੰਦੈ।

ਬਿਨਾ ਮਾਂ-ਬਾਪ ਦੇ ਬੱਚੇ ਗਵਾਚੇ ਲੱਭ ਰਹੇ ਸੁਪਨੇ ,
ਕਿਸੇ ਬੱਚੇ ਦਾ ਸੁਪਨਾ ਵੀ ਸੁਹਾਣਾ ਬਾਪ ਹੀ ਹੁੰਦੈ।

ਕਦਰ ਕਰਦੇ ਨਹੀਂ ਹੁਣ ਮਤਲਬੀ ਬੱਚੇ ਬਜ਼ੁਰਗਾਂ ਦੀ ,
ਇਨਾਂ ਲੋਕਾਂ ਬੁਢਾਪੇ ਵਿਚ ਰੁਲਾਣਾ ਬਾਪ ਹੀ ਹੁੰਦੈ।

ਘਰੋਂ ਰੁੱਸ ਕੇ ਭਟਕ ਜਾਓ ਖੁਆਰੀ ਹੀ ਪਊ ਪੱਲੇ ,
ਬੁਰੇ ਬੱਚੇ ਦਾ ਆਖਿਰ ਨੂੰ ਟਿਕਾਣਾ ਬਾਪ ਹੀ ਹੁੰਦੈ।

ਨਿਕੰਮੀ ਔਲਾਦ ਦਾ ਝੋਰਾ ਹੀ ਲੈ ਕੇ ਬੈਠ ਜਾਏਗਾ,
ਇਹ ਦੁਖੜੇ "ਰਾਜ਼" ਝੱਲੇ ਜੋ ਨਿਮਾਣਾ ਬਾਪ ਹੀ ਹੁੰਦੈ।




## ਪੁੱਤਰ ਮਿੱਠੜੇ ਮੇਵੇ

ਪੁੱਤਰ ਮਿੱਠੜੇ ਮੇਵੇ, ਸੋਹਣੇ ਰਾਜ ਦੁਲਾਰੇ,
ਮਾਪਿਆਂ ਦੇ ਲਾਡਲੇ ਜਾਨੋਂ ਵੱਧ ਪਿਆਰੇ।

ਇਨ੍ਹਾ ਵਿੱਚ ਹੀ ਬਾਪੂ ਦੇ ਸੁਪਨੇ ਵਸਦੇ,
ਤੱਕ ਮੁਸਕਾਨ ਪੁੱਤ ਦੀ ਦੁੱਖ ਸਾਰੇ ਨੱਸਦੇ ।

ਰਾਤਾਂ ਜਾਗ ਕੇ ਮਾਂ ਨੇ ਲੋਰੀਆਂ ਗਾਈਆਂ,
ਪੁੱਤਰ ਲਈ ਹੀ ਬਾਪੂ ਕਰਨ ਕਮਾਈਆਂ।

ਪੋਤੇ ਦਾਦਾ ਦਾਦੀ ਦੀਆਂ, ਅੱਖਾਂ ਦਾ ਤਾਰੇ,
ਨਾਨਾ ਨਾਨੀ ਨੂੰ ਦੋਹਤੇ, ਜੱਗ ਤੋਂ ਨਿਆਰੇ।

ਪੁੱਤਰਾਂ ਦੀ ਹਾਸੇ, ਘਰ ਨੂੰ ਰੌਸ਼ਨ ਕਰਦੇ,
ਲੱਖਾਂ ਨਖ਼ਰੇ ਪੁੱਤ ਦੇ, ਮਾਂ ਪਿਓ ਨੇ ਜਰਦੇ।

ਪੁੱਤਰ ਹੁੰਦੇ ਰੱਬ ਦੀਆਂ ,ਬਖਸ਼ੀਆਂ ਸੌਗਾਤਾਂ,
ਦੇਵੇ ਰੱਬ ਸਭ ਨੂੰ ਪੁੱਤਰਾਂ ਦੀਆਂ ਦਾਤਾਂ।

ਪੁੱਤ ਵਿੱਚ ਵਸਦੀ ਮਾਂ ਦੀ, ਦੁਨੀਆਂ ਸਾਰੀ,
ਬਾਪੂ ਸਿਖਾਉਂਦਾ ਲਾਲ ਨੂੰ ਭਰਨੀ ਉਡਾਰੀ।

ਪੁੱਤਰ ਹੁੰਦੇ ਪਿਓ ਦੇ, ਦਿਲ ਦੀਆਂ ਰਾਹਵਾਂ,
ਪੁੱਤਰ ਲਈ ਮਾਂ ਕਰਦੀ ਹਰ ਪਲ ਦੁਆਵਾਂ।

ਪੁੱਤਰ ਘਰ ਜੰਮਿਆ, ਖੁਸ਼ੀਆਂ ਮਨਾਈਏ,
ਰਲ ਮਿਲ ਬੈਠੀਏ,ਗੀਤ ਸ਼ਗਨਾਂ ਦੇ ਗਾਈਏ।





" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

TANVEER ART STUDIO
RAJA KALAN 98720 79212
PRE WEDDING SHOOT, POST WEDDING SHOOT, MARRIAGE, PARTIES, COVERAGE ANY EVENTS LIVE , CUP PRINTING, TSHIRT PRINTING






ਅਮਰਜੀਤ ਦਸੂਹਾ
ਪ੍ਰਬੰਧਕੀ ਸੰਪਾਦਕ
89689 - 33711
ਭੁਪਿੰਦਰ ਸਿੰਘ ਰਾਜਾ
ਮੁੱਖ ਸੰਪਾਦਕ
98720 - 79212





ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।


" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "



E-mail:- adbivirsat@gmail.com

WHATSAPP NUMBER :- 89689 - 33711 , 98720 - 79212




ਵਾਤਾਵਰਨ ਦਿਵਸ
ਸਪੈਸ਼ਲ ਐਡੀਸ਼ਨ
# ਅਦਬੀ ਵਿਰਸਤ
ਮੈਗਜ਼ੀਨ
ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ




## ਰੁੱਖਾਂ ਦੀ ਕਟਾਈ ਨੂੰ ਲੈਕੇ ਆਉਣ ਵਾਲੇ ਸਮੇਂ ਵਿੱਚ ਧਰਤੀ ਮਾਤਾ ਦੇ ਹਾਲਾਤਾਂ ਦੀ ਦਸ਼ਾ ਪੇਸ਼ ਕਰਦੀ ਤਸਵੀਰ



ਸਹਿਜਵੀਰ ਸਿੰਘ
ਜਮਾਤ 4, ਸ. ਅ. ਸ.
ਚੌਂਟਾਲਾ , ਭੂੰਗਾ 1



ਪ੍ਰੇਰਕ ਅਧਿਆਪਕਾ
ਸ੍ਰੀਮਤੀ ਕਿਰਪਾਲ ਕੌਰ
ਸ. ਅ. ਸ. ਚੌਂਟਾਲਾ , ਭੂੰਗਾ 1




## ਧਰਤੀ ਉੱਪਰ ਰਹਿੰਦੇ ਇਨਸਾਨਾਂ ਅਤੇ ਜੀਵ ਜੰਤੂਆਂ ਲਈ ਹਰਿਆਵਲ ਦੀ ਮਹੱਤਤਾ ਨੂੰ ਪੇਸ਼ ਕਰਦੀ ਤਸਵੀਰ



ਮਹਨੂਰ ਕੌਰ
ਜਮਾਤ 6ਵੀਂ ,
ਸ. ਹ.ਸ.ਰਾਜਪੁਰ ਗਹੋਤ



ਪ੍ਰੇਰਕ ਅਧਿਆਪਕਾ
ਸ੍ਰੀਮਤੀ ਗੁਰਵੀਰ ਕੌਰ
ਹਿੰਦੀ ਮਿਸਟ੍ਰੈਸ,
ਸ .ਹਾਈ ਸਕੂਲ ਰਾਜਪੁਰ ਗਹੋਤ



## ਆਪਣੇ ਆਸ ਪਾਸ ਰੁੱਖਾਂ ਦੀ ਮਹੱਤਤਾ ਨੂੰ ਪੇਸ਼ ਕਰਦੀ ਤਸਵੀਰ



ਗੁਰਨੂਰ ਸਿੰਘ
ਜਮਾਤ 4, ਸ. ਅ. ਸ.
ਚੌਂਟਾਲਾ , ਭੂੰਗਾ 1



ਪ੍ਰੇਰਕ ਅਧਿਆਪਕਾ
ਸ੍ਰੀਮਤੀ ਕਿਰਪਾਲ ਕੌਰ
ਸ. ਅ. ਸ. ਚੌਂਟਾਲਾ , ਭੂੰਗਾ 1



## ਧਰਤੀ ਅਤੇ ਇਸ ਉੱਪਰ ਰਹਿੰਦੇ ਹਰੇਕ ਪ੍ਰਾਣੀ ਅਤੇ ਰੁੱਖਾਂ ਲਈ ਪਾਣੀ ਦੀ ਮਹੱਤਤਾ ਨੂੰ ਪੇਸ਼ ਕਰਦੀ ਤਸਵੀਰ



ਹਰਜੋਤ ਕੌਰ
ਜਮਾਤ 6ਵੀਂ ,
ਸ. ਹ.ਸ.ਰਾਜਪੁਰ ਗਹੋਤ



ਪ੍ਰੇਰਕ ਅਧਿਆਪਕਾ
ਸ੍ਰੀਮਤੀ ਗੁਰਵੀਰ ਕੌਰ
ਹਿੰਦੀ ਮਿਸਟ੍ਰੈਸ,
ਸ .ਹਾਈ ਸਕੂਲ ਰਾਜਪੁਰ ਗਹੋਤ



ਅਮਰਜੀਤ ਦਸੂਹਾ
ਪ੍ਰਬੰਧਕੀ ਸੰਪਾਦਕ

ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "

E-mail:- adbivirsat@gmail.com

WHATSAPP NUMBER :- 89689 - 33711 , 98720 - 79212



ਭੁਪਿੰਦਰ ਸਿੰਘ ਰਾਜਾ
ਮੁੱਖ ਸੰਪਾਦਕ

ਵਾਤਾਵਰਨ ਦਿਵਸ
ਸਪੈਸ਼ਲ ਐਡੀਸ਼ਨ

# ਅਦਬੀ ਵਿਰਾਸਤ

## ਮੈਗਜ਼ੀਨ

ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ

ਧਰਤੀ ਤੇ ਹੈ ਰੁੱਖ ਤਾਂ ਸਾਹ ਹੈ ...
ਸਾਹ ਹੈ ਤਾਂ ਹੀ ਜੀਵਨ ਹੈ,
ਪਾਣੀ ਤੋਂ ਬਿਨਾਂ ਨਾ ਕਹਾਣੀ ਹੈ,,,,,
ਅਸੀਂ ਏਹ ਗੱਲ ਕਿਉਂ ਸਮਝਦੇ ਨਹੀਂ?
ਪ੍ਰਦੂਸ਼ਣ ਅਤੇ ਬੇਕਦਰੀ ਦਾ ਪਾਇਆ ਰੌਲਾ ਹੈ ....
ਸੁੱਖ ਸੁਵਿਧਾਵਾਂ ਖਾਤਰ ਕੁਦਰਤ ਨੂੰ ਕੀਤਾ ਅਣਗੌਲਿਆ ਹੈ!!!!
ਸੰਭਲ ਜਾ ਐ ਮਨੁੱਖ ...
ਲੱਗਾ ਲੈ ਰੁੱਖ..
ਨਹੀਂ ਤਾਂ ਤੂੰ ਦੁੱਖੀ ਹੋਣਾ ਹੈ..
ਆਓ, ਲਗਾਈਏ ਰੁੱਖ,
ਅਤੇ ਪਾਈਏ ਸੁੱਖ......



ਹਾਰਦਿਕ ਸਿੰਘ
ਦਸੂਹਾ,
ਜ਼ਿਲ੍ਹਾ ਹੁਸ਼ਿਆਰਪੁਰ



ਪ੍ਰੇਰਕ ਪਿਤਾ
ਹਰਜਿੰਦਰ ਸਿੰਘ ਖ਼ਾਕ
ਦਸੂਹਾ,
ਜ਼ਿਲ੍ਹਾ ਹੁਸ਼ਿਆਰਪੁਰ



ਵਾਤਾਵਰਨ ਦੀ ਸ਼ੁੱਧਤਾ ਲਈ ਅਤੇ ਜੀਵ ਜੰਤੂਆਂ ਦੀ ਜਿੰਦਗੀ ਲਈ ਰੁੱਖਾਂ ਦੀ ਮਹੱਤਤਾ ਨੂੰ ਦਰਸਾਉਂਦੀ ਤਸਵੀਰ।



ਨੰਨ੍ਹੇ ਕਲਾਕਾਰ ਦਾ ਨਾਮ
ਜੈਸਮੀਨ ਕੌਰ , ਜਮਾਤ ਅੱਠਵੀਂ
ਸਰਕਾਰੀ ਮਿਡਲ ਸਕੂਲ ਪਵੇਂ ,
ਜ਼ਿਲ੍ਹਾ ਹੁਸ਼ਿਆਰਪੁਰ



ਪ੍ਰੇਰਕ ਅਧਿਆਪਕ
ਸਰਬਜੀਤ ਕੌਰ
ਆਂਗਣਵਾੜੀ ਵਰਕਰ ਪਿੰਡ ਤੂਰਾਂ
9915508953



ਅਦਬੀ ਵਿਰਾਸਤ ਮੈਗਜ਼ੀਨ ਦੀ ਟੀਮ ਵੱਲੋਂ ਪਿੰਡ ਪਿੰਡ ਬੂਟੇ ਲਗਾਉਣ ਦੀ ਪ੍ਰਕਿਰਿਆ ਤਹਿਤ ਪਿੰਡ ਰਾਜਾ ਕਲਾਂ ਵਿਖੇ ਖੇਡ ਮੈਦਾਨ ਦੇ ਚਾਰ ਚੁਫੇਰੇ ਬੂਟੇ ਲਗਾਏ ਗਏ।

ਆਪਣੀਆਂ ਰਚਨਾਵਾਂ ਨੂੰ ਛਪਵਾਉਣ ਲਈ ਹੇਠਾਂ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰੋ।

" ਰਸਾਲੇ ਵਿੱਚ ਪ੍ਰਕਾਸ਼ਿਤ ਸਮੂਹ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹਨ । ਕਿਸੇ ਵੀ ਤਰ੍ਹਾਂ ਦੀ ਗ਼ਲਤੀ ਜਾਂ ਵਿਵਾਦਿਤ ਸਮੱਗਰੀ ਲਈ ਸਬੰਧਿਤ ਲੇਖਕ ਹੀ ਜ਼ਿੰਮੇਵਾਰ ਹੋਵੇਗਾ , ਅਦਾਰਾ ਜਾਂ ਸੰਪਾਦਕ ਮੰਡਲ ਨਹੀਂ। "



ਅਮਰਜੀਤ ਦਸੂਹਾ
ਪ੍ਰਬੰਧਕੀ ਸੰਪਾਦਕ

E-mail:- adbivirsat@gmail.com
WHATSAPP NUMBER :- 89689 - 33711 , 98720 - 79212




ਭੁਪਿੰਦਰ ਸਿੰਘ ਰਾਜਾ
ਮੁੱਖ ਸੰਪਾਦਕ

ਪੰਜਾਬੀ ਸਾਹਿਤ ਅਤੇ ਸਾਹਿਤ ਪ੍ਰੇਮੀਆਂ ਦੀ ਪਹਿਲੀ ਅਤੇ ਖਾਸ ਮੰਗ

# ਅਦਬੀ ਵਿਰਾਸਤ

ਅੰਕ 05 ਸਾਡਾ ਸਾਹਿਤ ਸਾਡੀ ਵਿਰਾਸਤ , ਸਾਡੀ ਕਲਮ ਸਾਡੀ ਪਹਿਚਾਣ





ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ , ( ਓਵਰਸੀਜ਼ ਦਫ਼ਤਰ ਕੈਲਗਿਰੀ, ਕਨੇਡਾ)

## ਮੰਤਵੀ ਸਾਹਿਤ ਸਿਰਜਣਾ ਨੂੰ ਬਲ ਪ੍ਰਦਾਨ ਕਰਦਾ ਅਹਿਮ ਕਹਾਣੀ ਸੰਗ੍ਰਹਿ - ' ਯੁੱਧਵੀਰ '

ਨਿਰੰਜਨ ਬੋਹਾ



ਨਿਰੰਜਨ ਬੋਹਾ




ਲਾਲ ਸਿੰਘ ਦਸੂਹਾ ਦੇ ਜੀਵਨ ਕਾਲ ਵਿਚ ਛਪੇ ਅੱਠ ਕਹਾਣੀ ਸੰਗ੍ਰਹਿ ਉਸ ਦੀ ਸਾਹਿਤਕ ਪਛਾਣ ਲੋਕ ਸੰਘਰਸ਼ਾਂ ਦੇ ਹਿਮਾਇਤੀ ਕਹਾਣੀਕਾਰ ਵਜੋਂ ਸਥਾਪਿਤ ਕਰਨ ਵਿੱਚ ਪੂਰੀ ਤਰ੍ਹਾਂ ਸਫ਼ਲ ਰਹੇ ਹਨ ।ਉਸ ਦੀ ਸਰੀਰਕ ਗੈਰ-ਮੌਜੂਦਗੀ ਦੌਰਾਨ ਉਸ ਦੇ ਸਪੁੱਤਰ ਅਮਰਜੀਤ ਸਿੰਘ ਵੱਲੋਂ ਪ੍ਰਕਾਸ਼ਿਤ ਕਰਵਾਇਆ ਉਸਦੀਆਂ ਅਣਛਪੀਆਂ ਕਹਾਣੀਆਂ ਦਾ ਸੰਗ੍ਰਹਿ 'ਯੁੱਧਵੀਰ' ਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਸਾਹਿਤਕ ਸਫ਼ਰ ਦੇ ਮੁੱਢਲੇ ਪੜਾਅ ਤੋਂ ਲੈ ਕੇ ਅੰਤਲੇ ਪੜਾਅ ਤੱਕ ਉਸ ਦੀ ਲੋਕ -ਪ੍ਰਤੀਬੱਧਤਾ ਪੂਰੀ ਤਰ੍ਹਾਂ ਬਰਕਰਾਰ ਰਹੀ ਹੈ। ਭਾਵੇਂ ਆਜੋਕੇ ਵਿਸ਼ਵੀ ਦੌਰ ਵਿੱਚ ਅਜਿਹੀ ਪ੍ਰਤੀਬੱਧਤਾ ਰੱਖਣ ਵਾਲੇ ਕਹਾਣੀਕਾਰ ਬਹੁਤ ਘੱਟ ਗਿਣਤੀ ਵਿੱਚ ਰਹਿ ਗਏ ਹਨ ਪਰ ਸਾਹਿਤਕ ਖੇਤਰ ਵਿਚ ਪ੍ਰਵੇਸ਼ ਕਰਨ ਵੇਲੇ ਉਸ ਆਪਣੀਆਂ ਕਹਾਣੀਆਂ ਨੂੰ ਜਿਸ ਮੰਤਵ ਨਾਲ ਜੋੜਿਆ ਸੀ , ਉਸਨੂੰ ਉਮਰ ਭਰ ਸੰਕਲਪੀ ਦ੍ਰਿੜਤਾ ਨਾਲ ਨਿਭਾਇਆ ਹੈ ।

ਉਸ ਦੀਆਂ ਕਹਾਣੀਆ ਵਿੱਚ ਸਮਾਜਿਕ ਤੇ ਰਾਜਨੀਤਕ ਤੌਰ 'ਤੇ ਜਾਗਰੂਕ ਅਜਿਹੇ ਪਾਤਰ ਦੀ ਹੋਂਦ ਕਾਇਮ ਰਹਿੰਦੀ ਹੈ , ਜਿਹੜੇ ਇਹਨਾਂ ਖੇਤਰਾਂ ਦੀਆਂ ਮਾਨਵਤਾ ਵਿਰੋਧੀ ਪ੍ਰਵਿਰਤੀਆਂ ਤੇ ਝੁਕਾਵਾਂ ਬਾਰੇ ਗੰਭੀਰ ਸਵਾਲ ਉਠਾਉਣ ਦੀ ਹਿੰਮਤ ਰੱਖਦੇ ਹਨ। ਅਜਿਹੇ ਪਾਤਰਾਂ ਦੇ ਸਵਾਲਾਂ ਵਿਚਲੀ ਬੇਬਾਕ ਸੁਰ ਜਿੱਥੇ ਗੈਰ ਮਾਨਵੀ ਧਿਰ ਲਈ ਚਿਤਾਵਨੀ ਬਣਦੀ ਹੈ ਉੱਥੇ ਪਾਠਕਾਂ ਨੂੰ ਵੀ ਜੁਆਬ ਦੇਹ ਬਣਾਉਂਦੀ ਹੈ ਕਿ ਉਹ ਸਮਾਜਿਕ ਖੇਤਰ ਵਿਚ ਆਉਣ ਵਾਲੀਆਂ ਮਾਨਵਤਾ ਵਿਰੋਧੀ ਪ੍ਰਵਿਰਤੀਆਂ ਦਾ ਵਿਰੋਧ ਕਰਨ ਦੀ ਬਜਾਏ ਮੂਕ ਦਰਸ਼ਕ ਕਿਉਂ ਬਣੇ ਹੋਏ ਹਨ?

ਸੰਗ੍ਰਹਿ ਦੀ ਪਹਿਲੀ ਕਹਾਣੀ 'ਮਹਾਂਮਾਰੀ' ਸਿਰਫ਼ ਆਮ ਲੋਕਾ ਦੀ ਧਾਰਮਿਕ ਆਸਥਾ ਨੂੰ ਵੋਟ ਬੈਂਕ ਵਿੱਚ ਬਦਲਣ ਵਾਲੀਆਂ ਰਾਜਸੀ ਸਾਜ਼ਿਸ਼ਾ ਤੋਂ ਪਰਦਾ ਹੀਂ ਨਹੀਂ ਚੁੱਕਦੀ ਸਗੋਂ ਇਹ ਚਿਤਾਵਨੀ ਵੀ ਦਿੰਦੀ ਹੈ ਕਿ ਜੇ ਪਿੰਡਾਂ ਦੇ ਲੋਕਾਂ ਵੱਲੋਂ ਅਜਿਹੀਆਂ ਕੋਸ਼ਿਸ਼ਾ ਦਾ ਵਿਰੋਧ ਨਾ ਕੀਤਾ ਤਾਂ ਪੇਂਡੂ ਭਾਈਚਾਰਕ ਸਾਂਝ ਦੀ ਹੋਂਦ ਨੂੰ ਵੀ ਖਤਰਾ ਪੈਦਾ ਹੋ ਜਾਵੇਗਾ । ਕਿਸੇ ਸਮੇਂ ਮੰਦਰ ਦਾ ਪਾਂਧਾ ਬਾਵਾ ਰਾਮ ਪਿੰਡ ਵਿੱਚ ਭਾਈਚਾਰਕ ਏਕਤਾ ਦਾ ਪ੍ਰਤੀਕ ਰਿਹਾ ਸੀ ,ਇਸ ਲਈ ਉਸਦੀ ਮੌਤ ਤੋਂ ਬਾਅਦ ਬਹੁ- ਗਿਣਤੀ ਲੋਕ ਚਾਹੁੰਦੇ ਹਨ ਕਿ ਉਸਦੇ ਪੁੱਤਰ ਕਿਸ਼ਨ ਨੂੰ ਹੀ ਮੰਦਰ ਦਾ ਅਗਲਾ ਪਾਂਧਾ ਥਾਪ ਦਿੱਤਾ ਜਾਵੇ । ਜਦੋਂ ਧਰਮ ਦੇ ਨਾਂ 'ਤੇ ਰਾਜਨੀਤੀ ਕਰਨ ਵਾਲੀ ਪਾਰਟੀ ਵੱਲੋਂ ਚੋਣ ਜਿੱਤੇ ਵਿਧਾਇਕ ਪੰਡਤ ਬਸ਼ੇਸ਼ਰ ਦਾ ਭਰਾ ਹੁਕਮਾਂ ਮੰਦਰ ਦਾ ਪੁਜਾਰੀ ਬਨਣ ਸਬੰਧੀ ਆਪਣਾ ਦਾਅਵਾ ਪੇਸ਼ ਕਰਕੇ ਕਰਦਾ ਹੈ ਤਾਂ ਪਿੰਡ ਦੀ ਭਾਈਚਾਰਕ ਸਾਂਝ ਵੀ ਦਾਅ 'ਤੇ ਲੱਗ ਜਾਂਦੀ ਹੈ। ਲੋਕ ਪੱਖੀ ਰਾਜਸੀ ਚੇਤਨਾ ਰੱਖਦਾ ਕਰਮਵੀਰ ਸਿੰਘ ਉਸਦੇ ਦਾਅਵੇ ਪਿੱਛੇ ਛੁਪੀ ਫਿਰਕੂ ਸਿਆਸਤ ਨੂੰ ਪਛਾਣ ਲੈਂਦਾ ਹੈ ਤਾਂ ਉਸਦੀ ਕੋਸ਼ਿਸ਼ ਰਹਿੰਦੀ ਹੈ ਕਿ ਕਿਸੇ ਵੀ ਤਰ੍ਹਾਂ ਫਿਰਕੂ ਸਦਭਾਵਨਾ ਨੂੰ ਬਰਕਰਾਰ ਰੱਖਿਆ ਜਾਵੇ। ਪਿੰਡ ਦਾ ਸਰਪੰਚ ਜਗੀਰ ਸਿੰਘ ਭਾਵੇਂ ਹੁਕਮੇ ਦੇ ਪੱਖ ਵਿਚ ਆਏ ਹਥਿਆਰਬੰਦ ਬੰਦਿਆਂ ਦੀ ਪਿੰਡ ਵਿਚ ਆਮਦ ਨੂੰ ਚੰਗਾ ਨਹੀਂ ਸਮਝਦਾ ਪਰ ਉਹ ਦੂਜੇ ਧਰਮ ਦੇ ਕੰਮਾਂ ਵਿਚ ਸਿੱਧਾ ਦਖ਼ਲ ਤੋਂ ਝਿਜਕਦਾ ਹੈ । ਅਜਿਹੇ ਮੌਕੇ 'ਤੇ ਕਰਮਵੀਰ ਸਿੰਘ ਉਸਦੀ ਦੁਬਿੱਧਾ ਨੂੰ ਤੋੜਦਿਆਂ ਅਹਿਸਾਸ ਕਰਾਉਂਦਾ ਹੈ ਕਿ ਉਸ ਵੱਲੋਂ ਅਪਣਾਈ ਆਖੌਤੀ ਨਿਰਪੱਖਤਾ ਦੀ ਨੀਤੀ ਗਦਰੀ ਬਾਬਿਆਂ ਦੇ ਹਮਾਇਤੀ ਰਹੇ ਉਸਦੇ ਦਾਦੇ ਹੀਰਾ ਸਿੰਘ ਦੀ ਸੋਚ ਨਾਲ ਬੇ-ਇੰਨਸਾਫੀ ਕਰ ਰਹੀ ਹੈ।

ਪਿੰਡ ਦੇ ਲੋਕਾਂ ਵੱਲੋਂ ਬਹੁਸੰਮਤੀ ਨਾਲ ਪੇਂਡੂ ਬਾਵਾ ਰਾਮ ਦੇ ਸਿਆਸਤ ਰਹਿਤ ਪੁੱਤਰ ਕਿਸ਼ਨ ਨੂੰ ਮੰਦਰ ਦਾ ਪਾਂਧਾ ਬਣਾਉਣ ਦੀ ਤਾਰੀਖ ਨਿਸਚਿਤ ਕਰ ਦਿੱਤੀ ਜਾਂਦੀ ਹੈ ਤਾਂ ਇਸ ਨਾਲ ਧਰਮ ਦੇ ਨਾਂ 'ਤੇ ਕੀਤੀ ਜਾਂਦੀ ਸਿਆਸਤ ਆਪਣੇ ਆਪ ਹੀ ਪਿੱਛੇ ਪੈ ਜਾਂਦੀ ਹੈ। ਪੰਜਾਬੀ ਭਾਸ਼ਾ ਵਿਚ ਇਸ ਤਰ੍ਹਾਂ ਦੀਆਂ ਕਹਾਣੀਆਂ ਬਹੁਤ ਘੱਟ ਹਨ ਜੋ ਧਰਮ ਦੇ ਨਾਂ ਤੇ ਹੋਣ ਵਾਲੀ ਸਿਆਸਤ ਨੂੰ ਅਜਿਹਾ ਢੁੱਕਵਾਂ ਜਵਾਬ ਦੇਣ ਦੇ ਸਮਰੱਥ ਹੋਣ ।

ਕਹਾਣੀ 'ਯੁੱਧਵੀਰ' ਸਿਰਫ ਇਸ ਸੰਗ੍ਰਹਿ ਦਾ ਟਾਈਟਲ ਹੀ ਨਹੀਂ ਬਣਦੀ ਸਗੋ ਸੰਘਰਸ਼ ਤੇ ਯੁੱਧਵੀਰਤਾ ਨੂੰ ਵਿਸ਼ਵੀਕਰਨ ਦੀ ਪ੍ਰਤੀਨਿੱਧਤਾ ਕਰਨ ਵਾਲੇ ਸਮੇਂ ਦਾ ਮੁਕਾਬਲਾ ਕਰਨ ਲਈ ਨੂੰ ਇਕ ਮੈਟਾਫਰ ਵਜੋਂ ਵੀ ਉਭਾਰਦੀ ਹੈ। ਕਹਾਣੀ ਸਮਾਜਿਕ ਵਿਵਸਥਾ ਵਿਚ ਆਈ ਸੰਵੇਦਨਹੀਣਤਾ ਦੇ ਹਵਾਲੇ ਨਾਲ ਨਿਮਨ ਵਰਗ ਦੇ ਲੋਕਾਂ ਨੂੰ ਸੁਚੇਤ ਕਰਦੀ ਹੈ ਕਿ ਜੇ ਉਨ੍ਹਾਂ ਨੇ ਆਪਣੇ ਹੱਕਾਂ ਤੇ ਹਿੱਤਾਂ ਦੀ ਪੈਰਵਾਈ ਨਾ ਕੀਤੀ ਗਈ ਤਾਂ ਨਿੱਜ ਵਿਅਕਤੀਵਾਦ ਉਹਨਾਂ ਨੂੰ ਕਹਾਣੀ ਦੀ ਪਾਤਰ ਰਤਨੀ ਵਾਂਗ ਗਲ 'ਚ ਫਾਹਾ ਪਾ ਕੇ ਮਰਨ ਲਈ ਮਜਬੂਰ ਕਰ ਦੇਵੇਗਾ ।ਭਾਵੇਂ ਰਤਨੀ ਦਾ ਪਤੀ ਗੁਰਮੀਤ ਆਪਣੇ ਆਪਣੇ ਪਿਤਾ ਦੇ ਨਿੱਜਪ੍ਰਸਤ ਤੇ ਹੈਂਕੜਖੋਰ ਸੁਭਾਅ ਤੋਂ ਬਾਗੀ ਹੋ ਕੇ ਆਪ ਡੁੱਬਈ ਕਮਾਉਣ ਚਲਾ ਜਾਂਦਾ ਹੈ ਪਰ ਉਸਦੀ ਵੱਡੀ ਗਲਤੀ ਇਹ ਹੈ ਕਿ ਉਹ ਆਪਣੀ ਪਤਨੀ ਤੇ ਮਾਸੂਮ ਬੱਚਿਆਂ ਨੂੰ ਆਪਣੇ ਪਿਤਾ ਦੇ ਰਹਿਮੋ-ਕਰਮ 'ਤੇ ਹੀ ਛੱਡ ਜਾਂਦਾ ਹੈ । ਉਸਦੀ ਗਲਤੀ ਦਾ ਨਤੀਜਾ ਇਹ ਨਿਕਲਦਾ ਹੈ ਕਿ ਘਰ ਦਾ ਸਾਹ ਘੁੱਟਵਾਂ ਮਾਹੌਲ ਤੇ ਝੂਠੀ ਦੂਸ਼ਣਬਾਜ਼ੀ ਉਸਦੀ ਪਤਨੀ ਨੂੰ ਖੁਦਕੁਸ਼ੀ ਕਰਨ ਲਈ ਮਜਬੂਰ ਕਰ ਦਿੰਦੀ ਹੈ। ਡੁੱਬਈ ਤੋਂ ਘਰ ਪਰਤੇ ਗੁਰਮੀਤ ਨੂੰ ਇਸ ਦਵੰਦ ਦਾ ਸਾਹਮਣਾ ਕਰਨਾ ਪੈਂਦਾ ਹੈ ਕਿ ਉਹ ਆਪਣੇ ਪਿਤਾ ਨੂੰ ਪਿਤਾ ਹੀ ਸਮਝਦਾ ਰਹੇ ਜਾਂ ਉਸਨੂੰ ਅਜਿਹੇ ਦੁਸ਼ਮਣ ਦੀ ਨਜ਼ਰ ਨਾਲ ਵੇਖੇ ਜਿਸ ਉਸਦੀ ਪਤਨੀ ਨੂੰ ਆਤਮ ਹੱਤਿਆ ਕਰਨ ਲਈ ਮਜਬੂਰ ਕਰਕੇ ਉਸਦਾ ਘਰ ਬਰਬਾਦ ਕੀਤਾ ਹੈ।

ਉਸਦੇ ਸਹੁਰੇ ਪਿੰਡੋ ਆਏ ਮਿਰਜ਼ਾਪੁਰੀਏ ਬੰਦੇ ਦੇ ਦੇ ਇਹ ਸ਼ਬਦ, "ਕਰਨਾ ਤਾਂ ਕੁਛ ਨਾ ਕੁਛ ਪੈਣਾ ਈ ਆ ਕਾਕਾ... ਨਹੀਂ ਇਹੋ ਜਿਹੇ ਬੰਦੇ ਹੱਸਦੇ ਵੱਸਦੇ ਘਰਾਂ ਨੂੰ ਉਜਾੜਣੋਂ ਕਿੱਥੇ ਰੁਕਣੇ ਆ।" ਸਿਰਫ਼ ਉਸਨੂੰ ਹੀ ਦਵੰਦ ਵਿਚੋਂ ਨਹੀਂ ਕੱਢਦੇ ਸਗੋਂ ਮਿਹਨਤਕਸ਼ ਜਮਾਤ ਨੂੰ ਵੀ ਸਪਸ਼ਟ ਕਰ ਦਿੰਦੇ ਹਨ ਕਿ ਨਿੱਜੀ ਦੁਬਿਧਾਵਾ ਛੱਡੇ ਤੋਂ ਬਿਨਾਂ ਹੱਕ ਸੱਚ ਦੀ ਲੜਾਈ ਨਹੀ ਲੜੀ ਜਾ ਸਕਦੀ । ਕਹਾਣੀ ਆਪਣੇ ਸਿਖ਼ਰ 'ਤੇ ਉਸ ਵੇਲੇ ਪੁੱਜਦੀ ਹੈ ਜਦੋਂ ਉਸਦੇ ਬੱਚਿਆਂ ਸਮੇਤ ਸਾਰਿਆਂ ਦੀਆਂ ਅੱਖਾਂ ਵਿਚ ਆਏ ਹੰਝੂ ਹੀ ਇਹ ਸਵਾਲ ਪੈਦਾ ਕਰ ਦਿੰਦੇ ਹਨ ਕਿ ਅੱਖਾਂ ਵਿਚ ਆਇਆ ਪਾਣੀ ਆਪਣੇ ਆਪ ਵਿਚ ਗ੍ਰਹਿ-ਜੰਗ 'ਚ ਹੋਈ ਪਹਿਲੀ ਹਾਰ ਦਾ ਪ੍ਰਤੀਕ ਹੈ ਜਾਂ ਅਗਲਾ ਮੋਰਚਾ ਸੰਭਾਲਣ ਲਈ ਤੁਰਨ ਲੱਗੇ ਯੁੱਧਵੀਰਾਂ ਅੰਦਰਲੇ ਰੋਸ ਦੀ ਨਮੀ ਦੀ ਤਰਜ਼ਮਾਨੀ ਕਰਦਾ ਹੈ।

ਕਹਾਣੀ 'ਕਾਲੀ ਕਿਤਾਬ' ਦੇਸ਼ ਦੇ ਭ੍ਰਿਸ਼ਟਾਚਾਰ ਵਿਚ ਲਿਪਤ ਪ੍ਰਬੰਧਕੀ ਢਾਂਚੇ ਨੂੰ ਕਾਲੀ ਕਿਤਾਬ ਦਾ ਨਾਂ ਦਿੰਦੀ ਹੈ ਜਿਸ ਵਿਚ ਇਮਾਨਦਾਰ ਤੇ ਸੰਵੇਦਨਸੀਲ ਲੋਕਾਂ ਵੱਲੋਂ ਭੋਗੇ ਜਾਣ ਵਾਲੀ ਜਾਣ ਵਾਲੀ ਮਾਨਸਿਕ ਸੰਤਾਪ ਦੀਆਂ ਕਹਾਣੀਆਂ ਹੀ ਲਿਖੀਆਂ ਹੋਈਆਂ ਹਨ । ਜਦੋਂ ਸੱਤਾਧਾਰੀ ਲੋਕਾਂ ਦੀਆ ਇੱਛਾਵਾਂ ਦੀਆਂ ਪੂਰਤੀ ਨਾ ਕੀਤੇ ਜਾਣ ਕਾਰਨ ਦਫ਼ਤਰ ਦੇ ਇਮਾਨਦਾਰ ਮੁਖੀ ਨੂੰ ਬਿਨਾਂ ਦੋਸ਼ ਤੋਂ ਹੀ ਮੁਅੱਤਲ ਕਰ ਦਿੱਤਾ ਜਾਂਦਾ ਹੈ ਤਾਂ ਇਹ ਘਟਨਾ ਸਿਰਫ਼ ਉਸਨੂੰ ਹੀ ਪ੍ਰੇਸ਼ਾਨ ਨਹੀਂ ਕਰਦੀ ਸਗੋਂ ਦਫਤਰ ਦੇ ਹੋਰ ਇਮਾਨਦਾਰ ਕਰਮਚਾਰੀਆਂ ਵੱਲੋਂ ਭੋਗੇ ਜਾਣ ਵਾਲੇ ਮਾਨਸਿਕ ਸੰਤਾਪ ਦਾ ਕਾਰਨ ਵੀ ਬਣ ਜਾਂਦੀ ਹੈ। ਕਾਰਪੋਰੇਟ ਜਗਤ ਦਾ ਪੱਖ ਪੂਰਦੀ ਇਹ ਵਿਵਸਥਾ ਪਹਿਲਾਂ ਦਫਤਰ ਦੀ ਔਰਤ ਸਟੈਨੋ ਦੇ ਪਤੀ ਨੂੰ ਆਤਮ ਹਤਿਆ ਕਰਨ ਲਈ ਮਜਬੂਰ ਕਰਦੀ ਹੈ ਤੇ ਫਿਰ ਉਸ ਨੂੰ ਵੀ ਨੌਕਰੀ ਤੋਂ ਫਾਰਗ ਕਰਕੇ ਨੀਮ ਪਾਗਲ ਹੋਣ ਦੀ ਅਵਸੱਥਾ ਤੱਕ ਪਹੁੰਚਾ ਦਿੰਦੀ ਹੈ।

ਇਹ ਕਹਾਣੀ ਇੱਕ ਹੋਰ ਨਿਰਨਾਇਕ ਸਿੱਟੇ ਨੂੰ ਵੀ ਉਚੇਚੇ ਤੌਰ 'ਤੇ ਉਭਾਰਦੀ ਹੈ ਕਿ ਮਾਨਵੀ ਸੰਵੇਦਨਾਵਾਂ ਭਰਪੂਰ ਇਮਾਨਦਾਰ ਲੋਕਾਂ ਦਾ ਸਾਥ ਕਿਸੇ ਨਿਰਾਸ਼ ਮਨੁੱਖ ਨੂੰ ਆਤਮਘਾਤ ਕਰਨ ਤੋਂ ਵੀ ਰੋਕ ਸਕਦਾ ਹੈ ਤੇ ਉਸਦੀ ਅਸਥਿਰ ਹੋਈ ਮਾਨਸਿਕ ਹਲਾਤ ਨੂੰ ਸਥਿਰ ਕਰਨ ਵਿਚ ਵੀ ਮੱਦਦਗਾਰ ਬਣ ਸਕਦਾ ਹੈ। ਸਟੈਨੋ ਤੇ ਉਸਦੇ ਪਤੀ ਵੱਲੋਂ ਜਿਸ ਪੋਸ਼ ਕਲੋਨੀ ਵਿਚ ਕੋਠੀ ਉਸਾਰੀ ਗਈ ਹੈ ਉਸ ਕਲੋਨੀ ਦਾ ਨਿਰਮੋਹਾ ਸਮਾਜਿਕ ਮਾਹੌਲ ਉਨ੍ਹਾਂ ਨੂੰ ਦਫ਼ਤਰੀ ਤਣਾਓ ਵਿਚੋ ਕੱਢਣ ਦੀ ਬਜਾਏ ਹੋਰ ਨਿਰਾਸ਼ਾ ਦੇ ਭਾਵ ਪੈਦਾ ਕਰਦਾ ਹੈ। ਇਸੇ ਲਈ ਕਹਾਣੀਕਾਰ ਪਾਗਲ ਅਵਸਥਾ ਵਿਚ ਪਹੁੰਚੀ ਔਰਤ ਨੂੰ ਉਸ ਦੇ ਹਾਲ 'ਤੇ ਨਹੀਂ ਛੱਡਦਾ ਸਗੋਂ ਉਸ ਨੂੰ ਸੰਭਾਲਣ ਦੀ ਜਿੰਮੇਵਾਰੀ ਉਸ ਇਮਾਨਦਾਰ ਅਫਸਰ ਦੇ ਸਿਰ ਪਾਉਂਦਾ ਹੈ, ਜਿਸ ਤੇ ਮੁਅੱਤਲ ਹੋਣ 'ਤੇ ਉਸ ਨੂੰ ਪਹਿਲੀ ਵਾਰ ਵੱਡਾ ਮਾਨਸਿਕ ਝਟਕਾ ਲੱਗਿਆ ਸੀ। ਕਹਾਣੀ ਦੇ ਇਹ ਅੰਤਲੇ ਦੋ ਵਾਕ ਇਸਦੀ ਕਲਾਤਮਿਕਤਾ ਤੇ ਮੰਤਵੀ ਪਹੁੰਚ ਦੀ ਜਿੰਦ ਜਾਨ ਹਨ-

ਪੰਜਾਬੀ ਸਾਹਿਤ ਅਤੇ ਸਾਹਿਤ ਪ੍ਰੇਮੀਆਂ ਦੀ ਪਹਿਲੀ ਅਤੇ ਖਾਸ ਮੰਗ

# ਅਦਬੀ ਵਿਰਾਸਤ

ਅੰਕ 05 ਸਾਡਾ ਸਾਹਿਤ ਸਾਡੀ ਵਿਰਾਸਤ , ਸਾਡੀ ਕਲਮ ਸਾਡੀ ਪਹਿਚਾਣ




ਵੱਲੋਂ :- ਕਹਾਣੀਕਾਰ ਲਾਲ ਸਿੰਘ ਦਸੂਹਾ ਯਾਦਗਾਰੀ ਸਾਹਿਤਕ ਮੰਚ (ਰਜਿ.) ਪੰਜਾਬ , ( ਓਵਰਸੀਜ਼ ਦਫ਼ਤਰ ਕੈਲਗਿਰੀ, ਕਨੇਡਾ)

'ਤੈਨੂੰ ਇਹ ਯਤਨ ਇਕ- ਦੋ ਵਾਰ ਨਹੀਂ, ਕਈ ਵਾਰ ਆ ਕੇ ਕਰਨਾ ਪੈਣੈ ।'

'ਪੁਰਾਣੇ ਘਰ ਜਾ ਨਵੇਂ ਘਰ ਦਾ ਹਿਸਾਬ -ਕਿਤਾਬ ਤੂੰ ਆਪ ਜੁੜਦਾ ਕਰ ਲਈਂ , ਮੌਕਾ ਵਿਚਾਰ ਕੇ।'

ਕਹਾਣੀ 'ਐਥੇ ਕੁ ਪਿੰਡ ਹੁੰਦਾ ਸੀ ਨਿਹਾਲਪੁਰ' ਵਿਚ ਆਏ ਕਾਲਖੰਡ ਇਸ ਲਈ ਦੋ ਵੱਖਰੇ ਭਾਗਾਂ ਵਿੱਚ ਵੰਡੇ ਗਏ ਹਨ ਕਿ ਪਾਠਕ ਨਵ- ਪੂੰਜੀਵਾਦ ਜਾਂ ਵਿਸ਼ਵੀ ਯੁੱਗ ਦੀ ਆਮਦ ਨਾਲ ਸਮਾਜਿਕ ਤੇ ਆਰਥਿਕ ਵਿਵਸਥਾ ਵਿੱਚ ਆਈਆਂ ਤਬਦੀਲੀਆਂ ਦੀ ਤਰਤੀਬ ਨੂੰ ਵੀ ਚੰਗੀ ਤਰ੍ਹਾਂ ਸਮਝ ਸੱਕਣ । ਕਹਾਣੀ ਦਾ ਮੁੱਖ ਪਾਤਰ ਤਾਰੀ ਦੋਹਾਂ ਕਾਲਖੰਡਾ ਵਿੱਚ ਵਿਚਰਦਾ ਹੈ ਤੇ ਮਨੁੱਖਤਾਵਾਦ ਦੇ ਹੱਕ ਜਾਂ ਵਿਰੋਧ ਵਿਚ ਭੁਗਤਦੀਆਂ ਤਬਦੀਲੀਆਂ ਨੂੰ ਤਰਤੀਬਵਾਰ ਪੇਸ਼ ਕਰਦਾ ਹੈ। ਕਹਾਣੀ ਦਾ ਪਹਿਲਾ ਭਾਗ ਪੰਜਾਬ ਦੇ ਪੇਂਡੂ ਸੱਭਿਆਰ ਦੇ ਪੁਰਾਣੇ ਮੋਹਖੋਰੇ ਖਾਸੇ ਨੂੰ ਰੂਪਮਾਨ ਕਰਦਾ ਹੈ ਅਤੇ ਦੂਜਾ ਭਾਗ ਵਰਤਮਾਨ ਦੌਰ ਦੀਆਂ ਅਜਿਹੀਆਂ ਵਿਸੰਗਤ ਝਲਕਾਂ ਪੇਸ਼ ਕਰਦਾ ਹੈ , ਜਿਹੜੀਆਂ ਮਨੁੱਖ ਨੂੰ ਮਨੁੱਖਤਾਵਾਦ ਤੋਂ ਹੀ ਤੋੜਨ ਲਈ ਜਿੰਮੇਵਾਰ ਹਨ।

ਕਹਾਣੀ ਦੇ ਪਹਿਲੇ ਭਾਗ ਅਨੁਸਾਰ ਮੁੱਖ ਪਾਤਰ ਤਾਰੀ ਦੇ ਮਾਸੀ ਦਾ ਪੁੱਤ ਜਾਗੀਰਾ ਆਪਣੇ ਨਾਲ ਹੋਏ ਅਨਿਆਂ ਦਾ ਬਦਲਾ ਲੈਣ ਲਈ ਕਤਲ ਕਰਦਾ ਹੈ ਤਾਂ ਬੇਕਸੂਰ ਹੋਣ 'ਤੇ ਵੀ ਤਾਰੀ ਦਾ ਨਾਂ ਕਤਲ ਕੇਸ ਨਾਲ ਜੋੜ ਦਿੱਤਾ ਜਾਂਦਾ ਹੈ । ਪੁਲਿਸ ਦੇ ਡਰ ਕਾਰਨ ਭਾਵੇਂ ਉਹ ਅਠਾਰਾਂ ਸਾਲ ਗੁਪਤ ਵਾਸ ਰਹਿੰਦਾ ਹੈ ਪਰ ਉਹ ਜਾਗੀਰੇ ਵਾਂਗ ਬਦਲਾਲਊ ਰਾਹ 'ਤੇ ਨਹੀਂ ਤੁਰਦਾ। ਕੇਸ ਖਤਮ ਹੋਣ 'ਤੇ ਉਹ ਆਪਣੇ ਪਿੰਡ ਨਿਹਾਲਪੁਰ ਪਰਤਦਾ ਹੈ ਤਾਂ ਪਿੰਡ ਦਾ ਸਮਾਜਿਕ ਪੱਖੋਂ ਬਦਲਿਆਂ ਰੂਪ ਉਸਨੂੰ ਹੈਰਾਨ ਵੀ ਕਰਦਾ ਹੈ ਤੇ ਪ੍ਰੇਸ਼ਾਨ ਵੀ । ਉਸਦਾ ਦੋਸਤ ਅਰਜਣ ਜਦੋਂ ਉਸਦੇ ਗੁਪਤਵਾਸ ਦੌਰਾਨ ਪਿੰਡ ਵਿਚ ਵਾਪਰੇ ਸਮਾਜਿਕ ਵਰਤਾਰਿਆ ਬਾਰੇ ਦੱਸਦਾ ਹੈ ਉਹ ਇਹ ਸੋਚ ਕੇ ਹੋਰ ਵੀ ਪ੍ਰੇਸ਼ਾਨ ਹੁੰਦਾ ਹੈ ਕਿ ਪਿੰਡ ਦੀ ਮੋਹ- ਮੁਹੱਬਤ ਵਾਲੀ ਪੁਰਾਣੀ ਹੋਂਦ ਕਿੱਥੇ ਗੁੰਮ ਹੋ ਗਈ ਹੈ? ਉਸ ਨੂੰ ਮਿਲੀ ਜਾਣਕਾਰੀ ਅਨੁਸਾਰ ਨਵੇਂ ਪੂੰਜੀਵਾਦੀ ਵਰਤਾਰਿਆਂ ਕਾਰਨ ਪਿੰਡ ਦੀ ਕਿਰਤ ਅਧਾਰਿਤ ਆਰਥਿਕਤਾ ਮਸ਼ੀਨ ਅਧਾਰਿਤ ਬਣੀ ਹੈ ਤਾਂ ਨਸੀਬ ਵਰਗੇ ਕਿਰਤੀ ਲੋਕ ਵੀ ਰੁਜ਼ਗਾਰ ਰਹਿਤ ਹੋ ਕੇ ਨਸ਼ੇੜੀ ਬਣ ਗਏ ਹਨ। ਭਾਵੇਂ ਅਰਜਣ ਦੇ ਆਪਣੇ ਬੱਚੇ ਵੀ ਪੇਂਡੂ ਜੀਵਨ ਨੂੰ ਤਰੱਕੀ ਰਹਿਤ ਐਲਾਨ ਕੇ ਆਪਣੀ ਮਾਂ ਸਮੇਤ ਸ਼ਹਿਰ ਚਲੇ ਗਏ ਹਨ ਇਹ ਸੋਚ ਉਸਨੂੰ ਜਿਉਂਦਾ ਰੱਖ ਰਹੀ ਹੈ ਕਿ ਪੱਥਰ ਚੱਟਣ ਤੋਂ ਬਾਅਦ ਮੱਛੀ ਨੂੰ ਵਾਪਸ ਪਰਤਣਾ ਹੀ ਪਵੇਗਾ।ਭਾਵੇਂ ਪਿੰਡ ਨਿਹਾਲਪੁਰ ਦੀਆਂ ਭਾਈਚਾਰਕ ਸਾਂਝਾ ਟੁੱਟਣ ਨਾਲ ਸੰਬਧਤ ਹੋਰ ਘਟਨਾਵਾਂ ਵੀ ਤਾਰੀ ਦੀ ਮਾਨਸਿਕ ਬੇਚੈਨੀ ਵਿਚ ਵਾਧਾ ਕਰਦੀਆਂ ਹਨ ਪਰ ਅਰਜਣ ਤੋਂ ਮਿਲੀ ਪ੍ਰੇਰਣਾ ਉਸਨੂੰ ਪੂਰੀ ਤਰ੍ਹਾਂ ਨਿਰਾਸ਼ ਨਹੀਂ ਹੋਣ ਦਿੰਦੀ। ਕਹਾਣੀ ਆਪਣੇ ਅੰਤ 'ਤੇ ਪੁੱਜਣ ਤੋਂ ਪਹਿਲਾਂ ਸਮਾਜਿਕ ਤੇ ਰਾਜਸੀ ਵਿਵਸਥਾ ਨੂੰ ਬਦਲਣ ਦੀ ਲੋੜ ਨੂੰ ਵੀ ਉਭਾਰਦੀ ਹੈ ਤੇ ਨੌਜਵਾਨ ਪੀੜ੍ਹੀ ਦੀ ਗੈਰਤ ਨੂੰ ਵੀ ਇਹਨਾਂ ਸ਼ਬਦਾ ਨਾਲ ਝੰਜੋੜਦੀ ਹੈ, " ਇਹ ਸਭ ਸਾਡੀ ਨਲਾਇਕੀ ਦਾ ਸਿੱਟਾ ਐ ਤਾਰੀ ਸਿੰਹਾਂ, ਸਾਡੇ ਅੰਦਰਲੀ ਭਟਕਣਾ ਦਾ । ਇਹਦੇ ਲਈ ਸਮੇਂ ਦਾ ਮਾਇਆ ਪ੍ਰਬੰਧ ਤਾਂ ਕਸੂਰਵਾਰ ਹੈ ਈ, ਸਾਡੀ ਪੜ੍ਹੀ ਲਿਖੀ ਜਮਾਤ ਵੀ ਘੱਟ ਦੋਸ਼ੀ ਨਹੀ।"

ਇਸੇ ਕਹਾਣੀ ਦੇ ਦੂਜੇ ਭਾਗ ਨੂੰ 'ਇੱਥੇ ਕੁ ਹੁੰਦਾ ਸੀ ਪਿੰਡ ਨਿਹਾਲਪੁਰ-2 (ਤਾਰੀ )' ਦਾ ਨਾਂ ਦਿੱਤਾ ਗਿਆ ਹੈ । ਇਹ ਭਾਗ ਅਠਾਰਾਂ ਸਾਲ ਬਾਅਦ ਆਪਣੇ ਪਿੰਡ ਪਰਤੇ ਤਾਰੀ ਨੂੰ ਦਰਪੇਸ਼ ਉਹਨਾਂ ਚਣੌਤੀਆਂ ਦਾ ਬਿਰਤਾਂਤ ਸਿਰਜਦਾ ਹੈ ਜਿੰਨਾਂ ਦਾ ਸਾਹਮਣਾ ਉਸਨੂੰ ਆਪਣੇ ਅੰਦਰਲੇ ਮਨੁੱਖ ਨੂੰ ਜਿਉਂਦਾ ਰੱਖਣ ਸੰਬੰਧੀ ਕਰਨਾ ਪੈਂਦਾ ਹੈ। ਕਹਾਣੀ ਦੇ ਪਹਿਲੇ ਭਾਗ ਵਿਚ ਉਸਦਾ ਦੋਸਤ ਅਰਜਣ ਉਸ ਅੰਦਰਲੇ ਮਨੁੱਖ ਨੂੰ ਜਿਉਂਦਾ ਰੱਖਣ ਲਈ ਉਸਦਾ ਮਾਰਗ ਦਰਸ਼ਕ ਬਣਦਾ ਹੈ ਤਾਂ ਦੂਜੇ ਭਾਗ ਵਿਚ ਪੂੰਜੀ ਅਧਾਰਿਤ ਤਰੱਕੀ ਮਾਡਲ ਨੂੰ ਅਪਣਾ ਚੁੱਕਿਆ ਉਸਦਾ ਜਮਾਤੀ ਪੰਡਤ ਰਾਮ ਰਤਨ ਉਸ ਨੂੰ ਵੀ ਆਪਣੇ ਮਾਡਲ ਦਾ ਹਮਾਇਤੀ ਬਣਾਉਣਾ ਚਾਹੁੰਦਾ ਹੈ। ਤਾਰੀ ਆਪਣੀ ਆਰਥਿਕਤਾ ਨੂੰ ਥਾਂ ਸਿਰ ਕਰਨ ਲਈ ਆਪਣੇ ਹੀ ਪਿੰਡੋਂ ਸ਼ਹਿਰ ਜਾ ਕੇ ਕਾਰਖਾਨੇਦਾਰ ਬਣੇ ਪੰਡਤ ਸੱਤਪਾਲ ਦੀ ਕੋਠੀ ਦਾ ਚੌਕੀਦਾਰ ਤਾਂ ਬਣ ਜਾਂਦਾ ਹੈ ਪਰ ਉਸ ਅੰਦਰ ਬੈਠਾ ਲੇਖਕ ਤੇ ਅਗਾਂਹਵੱਧੂ ਸਾਹਿਤ ਪਾਠਕ ਉਸਨੂੰ ਮਨੁੱਖ ਤੋਂ ਵਿਅਕਤੀਗਤ ਹਿੱਤਾਂ ਲਈ ਜਿਉਣ ਵਾਲਾ ਵਿਅਕਤੀ ਨਹੀਂ ਬਨਣ ਦਿੰਦਾ।

ਕਹਾਣੀ ਦੇ ਦੋਵੇਂ ਭਾਗ ਨੌਜਵਾਨ ਪੀੜ੍ਹੀ ਨੂੰ ਸਮਾਜਿਕ ਸਥਿਤੀਆਂ ਬਾਰੇ ਗਹਿਰ ਗੰਭੀਰ ਚਿੰਤਨ ਤੇ ਮੰਥਨ ਕਰਨ ਲਈ ਪ੍ਰੇਰਦੇ ਹਨ ।ਕਹਾਣੀ ਇਸ ਚਿੰਤਾ ਨੂੰ ਵੀ ਚਿੰਤਨ ਵਿਚ ਬਦਲਦੀ ਹੈ ਕਿ ਬਦਲੇ ਸਮੇਂ ਨੇ ਸਾਡੇ ਲੇਖਕ ਵਰਗ ਦੀ ਚਾਲ ਵੀ ਬਦਲ ਦਿੱਤੀ ਹੈ ਤੇ ਵਿਸ਼ਵੀ ਮੰਡੀ ਦੇ ਪ੍ਰਭਾਵ ਵਿਚ ਆ ਕੇ ਕਈ ਲੇਖਕ ਲੋਕ ਕਲਿਆਣਕਾਰੀ ਮੰਤਵ ਨਾਲੋਂ ਟੁੱਟਦੇ ਜਾ ਰਹੇ ਹਨ। ਜਦੋਂ ਭਾਸ਼ਾ ਭਵਨ ਵਿੱਚ ਹੋਏ ਕਵੀ ਦਰਬਾਰ ਸਮੇਂ ਤਾਰੀ ਦਾ ਮੇਲ ਆਪਣੇ ਵਿਚਾਰਧਾਰਕ ਕਵੀਆਂ ਨਾਲ ਹੁੰਦਾ ਹੈ ਤਾਂ ਉਸਨੂੰ ਇਹ ਵੱਡੀ ਮਾਨਸਿਕ ਰਾਹਤ ਮਿਲਦੀ ਹੈ ਕਿ ਇਸ ਖੇਤਰ ਵਿੱਚ ਉਸਦੇ ਹੋਰ ਹਮਰਾਹ ਵੀ ਹਨ । ਉਸ ਨੂੰ ਇਹ ਤਸੱਲੀ ਵੀ ਹੈ ਕਿ ਜਦੋਂ ਤੱਕ ਲੋਕ ਪੱਖੀ ਸਾਹਿਤ ਜਿਉਂਦਾ ਹੈ ਉਦੋਂ ਤੱਕ ਨਿਹਾਲਪੁਰ ਵਰਗੇ ਮਾਨਵੀ ਪਿਛੋਕੜ ਵਾਲੇ ਪਿੰਡਾਂ ਆਪਣੇ ਮਾਨਵੀ ਖਾਸੇ ਨਾਲ ਜੁੜੇ ਰਹਿਣ ਦੀ ਸੰਭਾਵਨਾਵਾਂ ਨੂੰ ਵੀ ਜਿਉਂਦਾ ਰੱਖਣਗੇ।

ਕਹਾਣੀ 'ਰੂ –ਬਰੂ' ਵੀ ਸਾਹਿਤ ਸਿਰਜਣਾ ਦੇ ਮੰਤਵ ਬਾਰੇ ਦੋ ਟੂਕ ਟਿੱਪਣੀ ਦਰਜ਼ ਕਰਾਉਂਦੀ ਹੈ. "ਅੱਜ ਦਾ ਬਹੁ- ਗਿਣਤੀ ਸਾਹਿਤਕਾਰ ਲੱਚਰਤਾ ਦੇ ਚਿੱਕੜ ਵਿਚ ਇਸ ਤਰ੍ਹਾਂ ਲਿੱਬੜ ਗਿਆ ਹੈ ਕਿ ਇਸ ਨੇ ਮਾਂ- ਭੈਣ ਦੇ ਪਵਿੱਤਰ ਰਿਸ਼ਤਿਆਂ ਨੂੰ ਵੀ ਸ਼ਰਮਸਾਰ ਕਰਨ ਵਿਚ ਵੀ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ।" ਇਹ ਕਹਾਣੀ ਜੱਗਬੀਤੀ ਘੱਟ ਤੇ ਹੱਡ ਬੀਤੀ ਹੋਣ ਦਾ ਵੱਧ ਪ੍ਰਭਾਵ ਸਿਰਜਦੀ ਹੈ, ਇਸ ਲਈ ਇਸ ਵਿੱਚੋਂ ਲੇਖਕ ਦੀ ਵਿਚਾਰਧਾਰਾ ਬਾਰੇ ਮਿਲਦੀ ਜਾਣਕਾਰੀ ਹਕੀਕੀ ਵੀ ਹੈ ਤੇ ਪ੍ਰਮਾਣਿਕ ਵੀ । ਕਾਲਜ ਦੇ ਵਿਦਿਆਰਥੀਆਂ ਨਾਲ ਰੂ ਬਰੂ ਹੁੰਦਿਆਂ ਲੇਖਕ ਉਹਨਾਂ ਨੂੰ ਸਮਾਜਿਕ ਤੇ ਰਾਜਨੀਤਕ ਤੌਰ 'ਤੇ ਹੋਰ ਜਾਗਰੂਕ ਕਰਨ ਦੀ ਇੱਛਾ ਵੀ ਰੱਖਦਾ ਹੈ , ਇਸੇ ਲਈ ਆਪਣੀਆਂ ਲਿਖਤਾ ਨੂੰ ਮਿਲੇ ਮਾਣ -ਸਤਿਕਾਰ ਬਾਰੇ ਪੁੱਛੇ ਸਵਾਲ ਦਾ ਜਵਾਬ ਦੇਣ ਵੇਲੇ ਉਹ ਬੇਬਾਕ ਸੱਚ ਬੋਲਦਾ ਹੈ ਕਿ ਸਰਕਾਰੀ ਅਦਾਰੇ ਚਾਪਲੂਸੀ ਕਿਸਮ ਦੇ ਸਾਹਿਤਕਾਰਾਂ ਨੂੰ ਹੀ ਨਿਵਾਜਦੇ ਹਨ । ਇਸ ਤਰ੍ਹਾਂ ਇਹ ਕਹਾਣੀ ਸਾਹਿਤ ਨੂੰ ਮਿਲਣ ਵਾਲੀ ਸੱਤਾ ਦੀ ਸਰਪ੍ਰਸਤੀ ਦਾ ਵਿਰੋਧ ਵੀ ਕਰਦੀ ਹੈ ਤੇ ਲੋਕ ਸਰਪ੍ਰਸਤੀ ਹਾਸਲ ਸਾਹਿਤਕਾਰਾਂ ਨੂੰ ਅਜਿਹੇ ਸਨਮਾਨਾ ਤੋਂ ਦੂਰੀ ਬਣਾ ਕੇ ਰੱਖਣ ਦੀ ਸਲਾਹ ਵੀ ਦਿੰਦੀ ਹੈ।

ਕਹਾਣੀ ਇਹ ਮੰਤਵ ਵੀ ਰੱਖਦੀ ਹੈ ਕਿ ਸਾਹਿਤ ਸਿਰਜਣਾ ਦੇ ਲੋਕ ਮੰਤਵੀ ਉਦੇਸ਼ ਨੂੰ ਸਿਰਫ ਵਿੱਦਿਅਕ ਖੇਤਰ ਤੱਕ ਹੀ ਸੀਮਤ ਨਾ ਰੱਖਿਆ ਜਾਵੇ ਸਗੋਂ ਇਸ ਦੀ ਚਰਚਾ ਘਰ ਪਰਿਵਾਰਾਂ ਤੇ ਲੋਕ ਸੱਥਾਂ ਦਾ ਵੀ ਹੋਣੀ ਚਾਹੀਦੀ ਹੈ । ਕਹਾਣੀ ਉਹਨਾਂ ਅਧਿਆਪਕਾ ਨੂੰ ਉਚੇਚੇ ਤੌਰ 'ਤੇ ਪਾਠਕੀ ਸਤਿਕਾਰ ਦਾ ਹੱਕਦਾਰ ਬਣਾਉਂਦੀ ਹੈ ਜਿਹੜੇ ਮਾਸਟਰ ਤੀਰਥ ਰਾਮ ਵਾਂਗ ਆਰਥਿਕ ਤੰਗੀਆਂ ਤੁਰਸੀਆਂ ਨਾਲ ਜੂਝਦੇ ਵਿਦਿਆਰਥੀਆਂ ਦੀ ਮਾਨਸਿਕ ਲੋੜਾਂ ਦਾ ਧਿਆਨ ਵੀ ਰੱਖਦੇ ਹਨ ਅਤੇ ਉਹਨਾਂ ਦੇ ਜੀਵਨ ਨੂੰ ਸਮਾਜ ਉਪਯੋਗੀ ਦਿਸ਼ਾ ਵੀ ਪ੍ਰਦਾਨ ਕਰਦੇ ਹਨ।

ਕਹਾਣੀ 'ਸੱਥ' ਆਪਣੇ ਪਹਿਲੇ ਪੜਾਅ 'ਤੇ ਇਹ ਚਿੰਤਾ ਪੈਦਾ ਕਰਦੀ ਹੈ ਕਿ ਸਮਾਜਿਕ ਵਿਵਸਥਾ ਵਿਚ ਆ ਰਹੇ ਅਮਾਨਵੀ ਵਿਗਾੜ ਜਿੰਦਰ ਵਰਗੀਆਂ ਸੰਵੇਦਨਸ਼ੀਲ ਔਰਤਾਂ ਦੀ ਜਾਨਾਂ ਲੈਣ ਦਾ ਕਾਰਨ ਬਣਦੇ ਜਾ ਰਹੇ ਹਨ। ਦੂਜੇ ਪੜਾਅ 'ਤੇ ਇਹ ਚਿੰਤਾ ਇਸ ਚਿੰਤਨਸੀਲਤਾ ਵਿਚ ਬਦਲ ਜਾਂਦੀ ਹੈ ਕਿ ਅਜਿਹੀਆਂ ਮੌਤਾਂ ਦੇ ਵਿੱਛਣ ਵਾਲੇ ਸੱਥਰਾਂ 'ਤੇ ਇਸ ਤਰ੍ਹਾਂ ਦੀ ਵਿਚਾਰ ਚਰਚਾ ਵੀ ਹੋਣੀ ਚਾਹੀਦੀ ਹੈ ਕਿ ਭਵਿੱਖ ਵਿਚ ਕੋਈ ਹੋਰ ਜਿੰਦਰ ਆਪਣੀ ਜਾਨ ਤੋਂ ਹੱਥ ਨਾ ਧੋਵੇ। ਕਹਾਣੀ ਵੱਲੋਂ ਪੈਦਾ ਕੀਤਾ ਇਹ ਚਿੰਤਨ ਬਹੁਤ ਤਲਖ਼ ਪਰ ਸੱਚਾ ਹੈ ਕਿ ਅਜਿਹੀਆਂ ਮੌਤਾਂ ਲਈ ਮਨੁੱਖੀ ਸੋਚ ਦਾ ਹੋਇਆ ਪੂੰਜੀਕਰਨ ਹੀ ਜ਼ਿੰਮੇਵਾਰ ਹੈ । ਕਹਾਣੀ ਇਸ ਸੋਚ ਦੇ ਪ੍ਰਤੀਉੱਤਰ ਵਜੋਂ ਇਹ ਸੋਚ ਵੀ ਪੈਦਾ ਕਰਦੀ ਹੈ ਕਿ ਲੋਕ ਸੱਥਾਂ ਵਿਚ ਹੋਣ ਵਾਲੀ ਅਗਾਂਹਵਧੂ ਚਰਚਾ ਕਿਸੇ ਨਿਰਾਸ਼ ਬੰਦੇ ਅੰਦਰ ਜਿਉਣ ਦਾ ਨਵਾਂ ਉਤਸ਼ਾਹ ਪੈਦਾ ਕਰ ਸਕਦੀ ਹੈ । ਪਾਠਕ ਇਸ ਕਹਾਣੀ ਦੇ ਪਾਠ ਤੋਂ ਬਾਅਦ ਆਪਣੇ ਆਪ ਨੂੰ ਬੇਚੈਨ ਹੋਇਆ ਵੀ ਮਹਿਸੂਸ ਕਰਦਾ ਹੈ ਤੇ ਬਹੁਤ ਕੁਝ ਸੋਚਦਾ ਵੀ ਹੈ।

ਇਸ ਸੰਗ੍ਰਹਿ ਵਿਚ ਕਹਾਣੀ ਰਸ ਨਾਲੋਂ ਲੋਕ ਜਾਗਰੂਕਤਾ ਦਾ ਰਸ ਵੱਧ ਹੈ ਜੋ ਕਹਾਣੀਆਂ ਨੂੰ ਮਨੋਰੰਜਕ ਕਹਾਣੀਆਂ ਦੀ ਬਜਾਏ ਉਦੇਸ਼ਾਤਮਕ ਕਹਾਣੀਆਂ ਬਣਾਉਣ ਦੀ ਸਮਰੱਥਾ ਰੱਖਦਾ ਹੈ। ਭਾਵੇਂ ਜਾਗਰੂਕਤਾ ਦਾ ਰਸ ਮਾਨਣ ਵਾਲੇ ਪਾਠਕ ਹੁਣ ਘੱਟ ਗਿਣਤੀ ਵਿਚ ਰਹਿ ਹਨ ਪਰ ਸਾਹਿਤ ਦੇ ਖੇਤਰ ਵਿਚ ਉਹ ਅਜੇ ਵੀ ਗੰਭੀਰ ਪਾਠਕ ਹੋਣ ਦੀ ਪਛਾਣ ਹੀ ਰੱਖਦੇ ਹਨ। ਕਹਾਣੀ ਦੇ ਪਾਤਰਾਂ ਦਾ ਆਪਸੀ ਸੰਵਾਦ ਕਈ ਵਾਰ ਵਧੇਰੇ ਬੌਧਿਕ ਤੇ ਲੰਬਾ ਵੀ ਹੋ ਜਾਂਦਾ ਹੈ ਪਰ ਇਹ ਸੰਵਾਦ ਕਹਾਣੀਆਂ ਦੇ ਮੰਤਵ ਨੂੰ ਹੋਰ ਬਲਸ਼ਾਲੀ ਬਣਾਉਂਦਾ ਹੈ। ਇਸ ਸੰਗ੍ਰਹਿ ਰਾਹੀਂ ਪੇਸ ਹੋਈਆਂ ਮਨੋ- ਸਮਾਜਿਕ ਸਮੱਸਿਆਵਾਂ ਸਾਡੀਆਂ ਜਾਣੀਆਂ ਪਹਿਚਾਣੀਆਂ ਹਨ ਪਰ ਇਹਨਾਂ ਦਾ ਸਮਾਧਾਨ ਕਹਾਣੀਕਾਰ ਨੇ ਆਪਣੇ ਵਿਸ਼ੇਸ਼ ਵਿਚਾਰਧਾਰਕ ਨਜ਼ਰੀਏ ਤੇ ਬੁੱਧੀ ਵਿਵੇਕ ਰਾਹੀਂ ਕਰਨ ਦੀ ਕੋਸ਼ਿਸ਼ ਕੀਤੀ ਹੈ । ਕੁਲ ਮਿਲਾ ਕੇ ਇਹ ਕਹਾਣੀ ਸੰਗ੍ਰਹਿ ਪੜ੍ਹਣ ਯੋਗ ਵੀ ਤੇ ਪਾਠਕਾਂ ਨੂੰ ਪੜ੍ਹਣ ਦੀ ਸਿਫਾਰਸ਼ ਕਰਨ ਯੋਗ ਵੀ ਹੈ। ਮਾਨਸਿਕ ਖਲਾਵਾਂ ਦੀ ਨਿਸ਼ਾਨਦੇਹੀ ਕਰਕੇ ਇਨ੍ਹਾਂ ਨੂੰ ਭਰਨ ਦੇ ਢੰਗ ਤਰੀਕੇ ਸੁਝਾਉਣ ਵਾਲੇ ਅਗਾਂਹਵੱਧੂ ਭਾਵ ਬੋਧ ਵਾਲੇ ਇਸ ਕਹਾਣੀ ਸੰਗ੍ਰਹਿ ਦਾ ਮੈਂ ਹਾਰਦਿਕ ਸਵਾਗਤ ਕਰਦਾ ਹਾਂ।